Dec 72

2

3

ਐਡੀਟਰ

ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ

ਦੇਸ਼ 6 ਰੁਪਏ

ਪ੍ਰਦੇਸ਼ ਸਮੁੰਦਰ 15 ਰੁਪਏ

## ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬) ੧ ਦਸੰਬਰ ੧੯੭੨ ਅੰਕ ੧੧

## ਗਉੜੀ ਮਾਲਾ ਮਹਲਾ ੫

ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥

www.AKJ.Org

# ਅਕਾਲ ਪੁਰਖ ਨਾਲਿ ਸਦਾ ਅਭੇਦ, ਗੁਰੂ ਨਾਨਕ

ਲੇਖਕ :- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਖੰਡਾਂ ਬ੍ਰਹਿਮੰਡਾਂ ਦਾ ਉਧਾਰ ਨਿਸਤਾਰਾ ਕਰਨ ਵਿਚ ਸਦਾ ਸਦਾ ਰੁੱਝੇ ਰਹਿਣ ਵਾਲੇ ਗੁਰੂ ਨਾਨਕ ਸਾਹਿਬ ਜੋਤਿ ਨਿਰੰਜਣੀ ਅਕਾਲ ਪੁਰਖ ਦੀ ਜੋਤਿ ਵਿਖੇ ਸਦਾ ਲੀਨ ਰਹਿੰਦੇ ਹਨ, ਜੋਤਿ ਕਰਕੇ ਓਤਪੋਤ ਅਕਾਲ ਪੁਰਖ ਸੇਤੀ ਇੱਕ ਮਿਕ ਰਹਿਣ ਵਾਲੇ ਗੁਰੂ ਨਾਨਕ ਆਪਣੀ ਵਿਸਮਾਦ ਰੰਗਾਂ ਵਿਚ ਖੇਡਣ ਵਾਲੀ ਲੋਇਣ ਦ੍ਰਿਸ਼ਟੀ ਅਦ੍ਰਿਸ਼ਟ ਅਕਾਲ ਪੁਰਖ ਦੇ ਲਿਵ ਰੰਗਾਂ ਵਿਚਿ ਸਦਾ ਹੀ ਲੀਨ ਰੱਖਦੇ ਹਨ । ਓਨਾਂ ਦੀ ਦ੍ਰਿਸ਼ਟੀ ਸਦਾ ਹੀ ਵਾਹਿਗੁਰੂ ਨਾਲ ਜੁੜੀ ਰਹਿੰਦੀ ਹੈ । ਇਕ ਨਿਮਖ ਮਾਤ੍ਰ ਭੀ ਅਦ੍ਰਿਸ਼ਟ ਅਕਾਲ ਪੁਰਖ ਦੇ ਵਿਸਮਾਦੀ ਰੰਗਾਂ ਨੂੰ ਪੇਖਣ ਵਿਚ ਗੱਡੀ ਰਹਿਣ ਤੋਂ ਲਾਂਭੇ ਨਹੀਂ ਹੁੰਦੀ । ਦ੍ਰਿਸ਼ਟਮਾਨ ਪਦਾਰਥਾਂ ਤੋਂ ਸਦਾ ਉਚੇਰੇ ਰਹਿਣ ਵਾਲੇ ਸਤਿਗੁਰੂ ਨਾਨਕ ਅਦ੍ਰਿਸ਼ਟ ਵਾਹਿਗੁਰੂ ਨਿਰੰਕਾਰ ਨੂੰ ਸਦਾ ਹੀ ਨੇਰੇ ਹੂੰ ਤੇ ਨੇਰੇ ਪੇਖਦੇ ਹਨ । ਜੈਸੇ ਕਿ :-

"ਲੋਇਣ ਪੇਖਿ ਰਹੇ ਬਿਸਮਾਦੀ ॥" ਗੁਰਵਾਕ ਦਾ ਭਾਵ ਹੈ ਜੋ ਅਕਾਲ ਪੁਰਖ ਵਾਹਿਗੁਰੂ ਸੰਸਾਰੀ ਜੀਵਾਂ ਲਈ ਸਦਾ ਅਦ੍ਰਿਸ਼ਟ ਹੈ ਉਹ ਗੁਰੂ ਨਾਨਕ ਨਿਰੰਕਾਰੀ ਦੇ ਸਾਂਗੋ ਪਾਂਗ ਦ੍ਰਿਸ਼ਟ ਗੋਚਰਾ ਹੀ ਰਹਿੰਦਾ ਹੈ । ਗੁਰੂ ਨਾਨਕ ਸਾਹਿਬ ਦੀ ਦਿੱਬਯ ਦ੍ਰਿਸ਼ਟੀ ਅਕਾਲ ਪੁਰਖ ਨੂੰ ਸਦਾ ਹੀ ਪ੍ਰਤੱਖ ਪੇਖਣ ਹਾਰੀ ਰਹਿੰਦੀ ਹੈ । ਏਸੇ ਦਿੱਬਯ ਦ੍ਰਿਸ਼ਟੀ ਦੇ ਵਾਹਿਗੁਰੂ ਨੂੰ ਸਦਾ ਪੇਖਣ ਹਾਰੀ ਹੋਣ ਕਰ ਕੇ ਗੁਰੂ ਨਾਨਕ ਸਾਹਿਬ ਸਦਾ ਹੀ ਵਾਹਿਗੁਰੂ ਨਾਲਿ ਅਭੇਦ ਰਹਿੰਦੇ ਹਨ, ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨਾਲ ਭੇਜੇ ਹੋਏ ਗੁਰੂ ਨਾਨਕ ਸਾਹਿਬ ਇਕ ਛਿਨ ਮਾਤ੍ਰ ਭੀ ਅਕਾਲ ਵਾਹਿਗੁਰੂ ਤੋਂ ਦੂਰ ਨਹੀਂ ਹੁੰਦੇ ।

ਜਿਸ ਪ੍ਰਕਾਰ ਸਤਿਗੁਰੂ ਨਾਨਕ ਸਾਹਿਬ ਲੋਇਣ ਦ੍ਰਿਸ਼ਟੀ ਕਰਕੇ ਸਦਾ ਹੀ ਵਾਹਿਗੁਰੂ ਜੋਤੀ ਸਰੂਪ ਨੂੰ ਪੇਖਦੇ ਪਰਸਦੇ ਰਹਿੰਦੇ ਹਨ । ਇਸੇ ਪਰਕਾਰ ਸਰਵਣਾਂ ਕਰਕੇ ਗੁਰੂ ਨਾਨਕ ਸਾਹਿਬ ਛਿਨ ਛਿਨ



www.AKJ.Org

ਪਾਰਸ ਰਸਾਇਣੀ ਅੰਮ੍ਰਿਤੀ ਅਨਹਤ ਵਾਜੇ ਸੁਣਦੇ ਰਹਿੰਦੇ ਹਨ । ਜੈਸਾ ਕਿ :- "ਸੁਣੀਐ ਬਾਜੇ ਬਾਜ ਸੁਹਾਵੀ ॥" ਦੇ ਗੁਰਵਾਕ ਦੇ ਭਾਵ ਤੋਂ ਪ੍ਰਗਟ ਹੈ ਕਿ ਜਿਨ੍ਹਾਂ ਬਾਜਿਆਂ ਦੀ ਬਾਜ ਦੁਨਿਆਵੀ ਵਾਜਿਆਂ ਤੋਂ ਅਤੀ ਸੁੰਦਰ ਅਤਿ ਵਿਲੱਖਣ ਹੁੰਦੀ ਹੈ, ਐਸੇ ਅਨੂਪਮ ਅਨਹਤ ਵਾਜੇ ਸੁਣਨ ਵਿਚ ਗੁਰੂ ਨਾਨਕ ਸਾਹਿਬ ਦੀ ਸ੍ਰੋਤ ਬਿਰਤੀ ਸਦਾ ਮਹਿਵ ਅਤੇ ਮਤਵਾਰੀ ਰਹਿੰਦੀ ਹੈ । ਏਸੇ ਕਰਕੇ ਹੀ ਗੁਰੂ ਨਾਨਕ ਸਾਹਿਬ ਦੀ ਪਾਰਸ ਛੋਹ ਪਰਸਨਹਾਰੀ ਸੁਭਾਗਿਆਂ ਅਤੇ ਸੁਹਾਗਵੰਤਿਆਂ ਨੂੰ ਤੱਤ ਛਿਨ ਵਿਚ ਹੀ ਲਿਵ ਸਰਨਾਗੇ ਕਰ ਲੈਂਦੀ ਹੈ । ਐਸੀ ਆਕ੍ਰਖਣੀ ਕ੍ਰਿਸ਼ਮ ਕਲਾ ਕੇਵਲ ਨਾਨਕ ਨਿਰੰਕਾਰੀ ਦੇ ਦਿੱਬਯ ਗੁਰੂ ਜੋਤਿ ਜਾਮੇ ਅੰਦਰਿ ਹੀ ਹੈ । ਖੰਡਾਂ ਬ੍ਰਹਿਮੰਡਾਂ ਦੇ ਉਧਾਰਨ ਨਿਸਤਾਰਨ ਹਾਰੇ ਗੁਰੂ ਨਾਨਕ ਸਾਹਿਬ ਧੁਰੋਂ ਬਖਸ਼ਿਆ ਹੋਇਆ ਗੁਰਤਤਾ ਦਾ ਕਾਰਜ ਕਰਦੇ ਹੋਏ ਆਪਣੇ ਮਹਿਬੂਬ ਵਾਹਿਗੁਰੂ ਦੀ ਜੋਤਿ ਨਾਲਿ ਜੋਤਿ ਸਦਾ ਮਿਲਾਈ ਰਖਦੇ ਹਨ । ਇਹ ਗੱਲ ਕਹਿਣੀ ਮਹਾਂ ਅਗਿਆਨਤਾ ਹੈ ਕਿ ਸੰਸਾਰ ਨੂੰ ਉਧਾਰਨ ਵਿਚ ਰੁੱਝੇ ਹੋਏ ਗੁਰੂ ਨਾਨਕ ਨਿਰੰਕਾਰੀ ਨਿਰੰਕਾਰ ਵਾਹਿਗੁਰੂ ਤੋਂ ਪਰੇਡੇ ਹੋ ਜਾਂਦੇ ਹਨ ਜਾਂ ਵਾਹਿਗੁਰੂ ਦੀ ਹਜ਼ੂਰੀ ਤੋਂ ਦੂਰ ਹੋ ਜਾਂਦੇ ਹਨ । ਅੰਮ੍ਰਿਤ ਦ੍ਰਿਸ਼ਟੀ ਵਾਲੇ ਗੁਰੂ ਨਾਨਕ ਸਾਹਿਬ ਦੀ ਅੰਮ੍ਰਿਤ ਦ੍ਰਿਸ਼ਟੀ ਅਤੇ ਅੰਮ੍ਰਿਤ ਸੁਰਤੀ ਬਿਰਤੀ ਸਦਾ ਹੀ ਸੱਚੀ ਲਿਵਤਾ ਵਿਚ ਹੀ ਪਰੋਤੀ ਰਹਿੰਦੀ ਹੈ ।

ਜਿਤਨੇ ਭੀ ਗੁਰੂ ਜੋਤ ਜਾਮੇ ਹੋਏ ਹਨ, ਜੀਆ ਦਾਨੀ ਪਰਉਪਕਾਰ ਨਮਿਤ ਸੰਸਾਰ ਵਿਚਿ ਰਹਿੰਦੇ ਹੋਏ ਭੀ ਵਾਹਿਗੁਰੂ ਨਿਰੰਕਾਰ ਦੀ ਜੋਤਿ ਨਾਲ ਖਿਨ ਖਿਨ ਜੁੜੇ ਰਹਿੰਦੇ ਸਨ, ਸਦਾ ਹੀ ਅਭੇਦ ਵਰਤਦੇ ਸਨ । ਇਕ ਖਿਨ ਭੀ ਜੋਤੀ ਸਰੂਪ ਵਾਹਿਗੁਰੂ ਤੋਂ ਭਿੰਨ ਨਹੀਂ ਹੁੰਦੇ ਸਨ, ਹੁਣ ਭੀ ਸੰਸਾਰੀ ਜੀਵਾਂ ਦੇ ਨਿਸਤਾਰਨ ਲਈ ਨਿਰੰਕਾਰੀ ਗੁਰੂ ਨਾਨਕ ਜਦੋਂ ਭੀ ਜਗਤ ਵਿਖੇ ਆਉਂਦਾ ਹੈ ਤੇ ਆਪਣੀ ਜੋਤਿ ਜਗਾਉਂਦਾ ਹੈ ਤਾਂ ਵਾਹਿਗੁਰੂ ਨਿਰੰਕਾਰ ਸੇਤੀ ਉਹ ਜੁੜਿਆ ਹੀ ਰਹਿੰਦਾ ਹੈ । ਨਿਰੰਕਾਰੀ ਗੁਰੂ ਨਾਨਕ ਸਾਹਿਬ ਦੀ ਅਭੇਦ ਵਰਤਣ ਵਾਹਿਗੁਰੂ ਨਾਲ ਬਣੀ ਹੀ ਰਹਿੰਦੀ ਹੈ, ਦਿੱਬਯ ਜੋਤੀ ਸਰੂਪ ਗੁਰੂ ਨਾਨਕ ਸਾਹਿਬ ਆਪਣੀ ਦਿੱਬਯ ਦੇਹ ਸਹਿਤ ਪਾਤ੍ਰ ਗੁਰਸਿੱਖਾਂ ਨੂੰ ਦਰਸ਼ਨ ਦਿੰਦਾ ਹੋਇਆ ਕਦੇ ਭੀ ਨਿਰੰਕਾਰ ਵਾਹਿਗੁਰੂ ਦੇ ਸੱਚ ਖੰਡ ਵਾਸ ਤੋਂ ਜੁਦਾ ਨਹੀਂ ਹੁੰਦਾ । ਇਹ ਇਕ ਐਸਾ ਭੇਦ ਹੈ ਜਿਸ ਨੂੰ ਸੰਸਾਰ-ਕਾਰ ਬੁਧੀ ਵਾਲੇ ਜੀਵਨ ਨਹੀਂ ਜਾਣ ਸਕਦੇ । ਨਿਰੰਕਾਰ ਸਹਿਤ ਅਭਦ ਗੁਰਮੁਖ ਜਨ ਹੀ ਇਸ ਰਮਜ਼ ਨੂੰ ਪਛਾਣ ਸਕਦੇ ਹਨ । "ਧੰਨ ਧੰਨ ਨਾਨਕ ਗੁਰੂ ਜਿਨਿ ਪਾਰਸ ਪਰਸ ਮਿਲਾਯਉ ॥" ਸੁਰਤੀ ਬਿਰਤੀ ਗੁਰੂ ਨਾਨਕ ਸਾਹਿਬ ਦੀ ਹਰ ਸਮੇਂ ਹੀ ਵਾਹਿਗੁਰੂ ਚਰਨਨ ਵਿੱਚ ਚੁਭੀ ਰਹਿੰਦੀ ਹੈ ਜੋ ਕਦੇ ਭੀ ਅਕਾਲ ਪੁਰਖ ਦੀ ਹਜ਼ੂਰੀ ਤੋਂ ਦੂਰ ਨਹੀਂ ਹੋਣ ਦਿੰਦੀ ਜੈਸੇ ਅਕਾਲ ਪੁਰਖ ਵਾਹਿਗੁਰੂ ਇਕ ਦੇਸ ਵਾਸੀ ਹੁੰਦਾ ਹੋਇਆ ਸਾਰੀ ਕਾਇਨਾਤ ਵਿਖੇ ਸਮਾਇਆ ਹੋਇਆ ਹੈ । ਯਥਾ ਗੁਰਵਾਕ ;-

"ਜਿਉਂ ਸੂਰਜ ਕਿਰਣਿ ਰਵਿਆ ਸ੍ਰਬ ਠਾਈਂ
ਤਿਉਂ ਘਟਿ ਘਟਿ ਰਾਮੁ ਰਵੀਜੈ ॥"



www.AKJ.Org

ਐਸੇ ਹੀ ਵਾਹਿਗੁਰੂ ਅਕਾਲ ਪੁਰਖ ਦੀ ਜੋਤਿ ਨਾਲਿ ਇੱਕ ਮਿੱਕ ਅਤੇ ਸਦਾ ਅਭੇਦ ਹੋਇਆ ਗੁਰੂ ਨਾਨਕ ਆਪਣੀ ਦਿੱਬਯ ਸੱਤਾ ਕਰਕੇ ਅਕਾਲ ਪੁਰਖ ਨਾਲਿ ਅਭੇਦ ਹੀ ਰਹਿੰਦਾ ਹੈ । ਭਾਵੇਂ ਅਭੇਦ ਹੁੰਦਾ ਹੋਇਆ ਆਪਣੇ ਗੁਰੱਤਤਾ ਸਰੂਪ ਦੀ ਦਿੱਬਤਾਂ ਸਪੰਨ ਆਭਾ ਭਿੰਨ ਭਿੰਨ ਭੀ ਮਾਰਦਾ ਰਹਿੰਦਾ ਹੈ। ਇਸੇ ਦਿੱਬਯਤਾ ਸਰੂਪ ਵਾਲੀ ਆਭਾ ਅੰਦਰ ਸੰਸਾਰ ਵਿਖੇ ਆ ਕੇ ਜੀਵਨ ਜੋਤਿ ਜਗਮਗੀ ਗੁਰਮੁਖ ਜਨਾਂ ਨੂੰ ਆਪਣਾ ਦਰਸ ਜਲਵਾ ਭੀ ਦਿਖਾ ਜਾਂਦਾ ਹੈ ਤਾਂ ਤੇ ਨਿਰੰਕਾਰ ਵਾਹਿਗੁਰੂ ਸਰੂਪ ਗੁਰੂ ਨਾਨਕ ਦੇਵ ਕਦੇ ਭੀ ਦਿਬਯ ਜੋਤਿ ਸਪੰਨ ਆਪਣੇ ਮੂਲ ਸੋਮੇ ਵਾਹਿਗੁਰੂ ਤੋਂ ਦੂਰ ਨਹੀਂ ਹੁੰਦਾ। ਗੁਰੂ ਨਾਨਕ ਨਿਰੰਕਾਰ ਦੀ ਦਿੱਬਯ ਜੋਤਿ ਸਰੂਪਤਾ ਵਾਲੀ ਸੱਤਿਆ ਵਾਹਿਗੁਰੂ ਨਿਰੰਕਾਰ ਦੀ ਨਿਕਟਤਾ ਵਿਖੇ ਜਿਉਂ ਕੀ ਤਿਉਂ ਹਾਜ਼ਰ ਨਾਜ਼ਰ ਅਤੇ ਜ਼ਹੂਰ ਪਜ਼ੀਰ ਹੀ ਰਹਿੰਦੀ ਹੈ।

ਗੁਰੂ ਨਾਨਕ ਸਾਹਿਬ ਆਪਿ ਅਕਾਲ ਪੁਰਖ ਦਾ ਰੂਪ ਧਾਰ ਕੇ ਉਧਾਰਨ ਜੋਗ ਪਾਤ੍ਰ ਤੂਹਾਂ ਦੇ ਪਾਸ ਸਿੱਖ ਸੰਤ ਬਣਨ ਜੋਗ ਗੁਰਮੁਖ ਜਨਾਂ ਦੇ ਪਾਸ ਉਧਾਰਨ ਖਾਤਰ ਆਉਂਦੇ ਰਹੇ ਅਤੇ ਹੁਣ ਭੀ ਆਉਂਦੇ ਹਨ। ਯਥਾ ਗੁਰਵਾਕ :-

"ਸੰਤਨ ਪਹਿ ਆਪਿ ਉਧਾਰਨ ਆਇਓ ॥"

ਇਸ ਬਿਧ ਉਧਾਰਨ ਆਏ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਭੇਟ ਕੇ ਹੀ ਭੇਟਣ ਹਾਰੇ ਪਾਤਰ ਜਨ ਨਿਹਾਲ ਅਤੇ ਪਵਿਤਰ ਹੋ ਗਏ। ਏਹ ਕੇਵਲ ਗੁਰਮਤਿ ਨਾਮਿ ਗੁਰਮੰਤਰ ਨਾਮਿ ਵਾਹਿਗੁਰੂ ਹੀ ਹੈ ਜੋ ਪਤਿਤਾਂ ਨੂੰ ਪੁਨੀਤ ਕਰਨਹਾਰਾ ਹੈ ਅਤੇ ਕੇਵਲ ਗੁਰੂ ਨਾਨਕ ਸਾਹਿਬ ਹੀ ਹਨ, ਜੋ ਗੁਰਮੰਤਰ ਨੂੰ ਦ੍ਰਿੜ੍ਹਾਉਣ ਦਾ ਧੁਰੋਂ ਹੁਕਮ ਮਈ ਅਧਿਕਾਰ ਲੈ ਕੇ ਆਏ ਹਨ। ਇਸ ਬਿਧਿ ਧੁਰੋਂ ਆਏ ਧੁਰੋਂ ਪਠਾਏ ਗੁਰੂ ਨਾਨਕ ਸਾਹਿਬ ਸੱਚੇ ਸਾਧ ਗੁਰੂ ਦੇ ਤੁਫੈਲ ਸਾਰੇ ਜਗਤ ਦਾ ਉਧਾਰ ਹੋਇਆ ਅਤੇ ਹੁੰਦਾ ਰਹੇਗਾ। ਯਥਾ ਗੁਰਵਾਕ :-

"ਸੰਤ ਪ੍ਰਸਾਦਿ ਤਰੇ ਕੁਲ ਲੋਗਾ
ਨਾਨਕ ਲਿਪਤ ਨ ਮਾਇਓ ॥"

ਧੰਨ ਗੁਰੂ ਨਾਨਕ ਸਾਹਿਬ ਜੋ ਸਦਾ ਹੀ ਅਲੇਪ ਰਹੇ, ਕਦੇ ਭੀ ਦ੍ਰਿਸ਼ਟਮਾਨ ਮਾਇਕ ਪਦਾਰਥਾਂ ਵਿਖੇ ਲਿਪਾਇਮਾਨ ਨਹੀਂ ਹੋਏ, ਨਾਮੀ ਵਾਹਿਗੁਰੂ ਰੂਪੀ ਅਦ੍ਰਿਸ਼ਟ ਪਦਾਰਥ ਵਾਹਿਗੁਰੂ ਨਾਮ ਵਿਖੇ ਹੀ ਲੀਨ ਰਹੇ। ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰੂ ਨਾਨਕ ਰੂਪੀ ਸੱਚੇ ਸਤਿਗੁਰੂ ਨੂੰ ਸੱਚੀ ਭੇਟਣੀ ਭੇਟਿਆ, ਉਹ ਭੀ ਮੁੜ ਮਾਇਆ ਵਿਚ ਲਿਪਾਏਮਾਨ ਨਹੀਂ ਹੋਏ। ਮਾਇਕ ਪਦਾਰਥਾਂ ਦੇ ਲੇਪ ਛੇਪ ਤੋਂ ਸਦਾ ਨਿਰਲੇਪ ਹੀ ਰਹੇ। ਹੁਣ ਭੀ ਗੁਰੂ ਨਾਨਕ ਸਾਹਿਬ ਆਪ ਆਪਣੇ ਪਾਤਰ ਜਨਾਂ ਨੂੰ ਖੁਦ ਪਰਸਣ ਆਉਂਦੇ ਹਨ ਅਤੇ ਸੱਚੀ ਪਰਸਣੀ ਪਰਸ ਕੇ ਪਾਰਸ ਰੂਪ ਹੁੰਦੇ ਹੋਏ ਭੀ ਜੋਤਿ ਸਰੂਪ ਵਾਹਿਗੁਰੂ ਵਿਖੇ ਲੀਨ ਰਹਿੰਦੇ



www.AKJ.Org

ਹਨ। ਧੰਨ ਗੁਰੂ ਨਾਨਕ :—

"ਅਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ
ਧਾਵੈ ॥ ੧ ॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸਵਕੁ ਤਤ ਕਾਲ ਹੋਇ
ਆਵੈ ॥ ੧ ॥ ਰਹਾਉ ॥ ਤਿਸ ਸੇਵਕ ਕੇ ਹਉ ਬਲਿਹਾਰੀ
ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ ਸੋਇ ਸੁਣੀ ਮਨੁ
ਹਰਿਆ ਤਿਸ ਨਾਨਕ ਪਰਸਣਿ ਆਵੈ ॥"

ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ ਜੋ ਆਪਣੇ ਸੇਵਕਾਂ ਸੇਵਾ ਪਾਤਰ ਗੁਰਸਿੱਖਾਂ ਨੂੰ ਪਰਸਣ ਆਉਂਦਾ ਹੈ ਤੇ ਪਰਸਣ ਖਾਤਰ ਆਉਂਦਾ ਹੈ।

(ਪੁਸਤਕ ਗੁਰਮਤਿ ਪ੍ਰਕਾਸ਼ ਵਿਚੋਂ)

---

# ਰਿਸ਼ਤੇ ਨਾਤੇ

ਇਕ 30 ਸਾਲ ਦੇ ਜਟ ਸਿਖ ਲੜਕੇ ਲਈ ਗੁਰਸਿਖ ਬੀਬੀ ਦੀ ਲੋੜ ਹੈ। ਲੜਕਾ ਸਰਕਾਰੀ ਨੌਕਰੀ ਤੇ ਹੈ ਅਤੇ ਬੀ. ਏ. ਬੀ. ਐਡ. ਪਾਸ ਹੈ। ਲੜਕੇ ਦੇ ਦੋ ਭਾਈ ਵਲੈਤ ਵਿਚ ਹਨ। ਪਰ ਜਮੀਨ ਹਿੰਦੁਸਤਾਨ ਵਿਚ ਹੈ। ਲੜਕੀ ਜਟ ਸਿਖ ਹੋਵੇ ਲੁਧਿਆਣੇ ਦੀਆਂ ਲੜਕੀਆਂ ਨੂੰ ਤਰਜੀਹ ਦਿਤੀ ਜਾਏਗੀ।



www.AKJ.Org

# 'ਗੁਰਮਤਿ ਵਿਚ ਆਏ ਹੋਏ ਦੀ ਪਹਿਚਾਨ'

ਵਲੋਂ :— ਪ੍ਰਿੰਸੀਪਲ ਮਿਹਰ ਸਿੰਘ ਜੀ

ਗੁਰਮਤਿ ਜੇਸੇ ਮਿਠੇ ਸ਼ਬਦ ਦਾ ਭਾਵ ਤਾਂ ਉਹ ਹੀ ਜਾਨ ਸਕਦੇ ਹਨ ਜ ਇਸਤੇ ਚਲਦੇ ਹਨ ਤੇ ਅਪਣੀ ਆਤਮਕ ਕਮਾਈ ਦਾ ਆਧਾਰ ਇਸ ਨੂੰ ਸਮਝਦੇ ਹਨ। ਗੁਰੂ ਦੀ ਸਿਖਿਆ ਲੈ ਕੇ ਉਸਨੂੰ ਮਨਣਾ ਹੀ ਗੁਰਸਿਖ ਦਾ ਗੁਰਮੁਖ ਹੋਣਾ ਦਰਸਾਉਂਦਾ ਹੈ। ਅਪਣੀ ਮਤ ਦਾ ਤਿਆਗ ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਦਾ ਪਹਿਲਾ ਜ਼ੀਨਾ (ਸੀੜ੍ਹੀ) ਹੈ। ਗੁਰਵਾਕ ਅਨੁਸਾਰ :—

''ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ।
ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤੱਤੀ ਵਾਉ ਜੀਉ''

ਗੁਰੂ ਤੇ ਸਿਖ ਦਾ ਰਿਸ਼ਤਾ ਇਕ ਬੜਾ ਉਤਮ, ਗੇਹਰਾ ਤੇ ਸਮਝਨ ਯੋਗ ਹੈ। ਇਹ ਰਿਸ਼ਤਾ ਮਾਂ ਤੇ ਪੁਤਰ ਦੇ ਰਿਸ਼ਤੇ ਨਾਲੋਂ ਵੀ ਗੰਭੀਰ ਮਨਿਆ ਗਿਆ ਹੈ। ਦੁਨੀਆਵੀ ਤਅੱਲਕਾਂ ਕਰਕੇ ਮਾਪੇ ਵੀ ਕਦੀ ਕਦੀ ਬਚੇ ਤੇ ਕ੍ਰੋਧਿਤ ਹੋ ਕੇ ਐਸਾ ਵੀ ਕਰਦੇ ਹਨ ਕਿ ਉਸ ਨਾਲ ਤਅੱਲਕ ਤੋੜਕੇ ਉਸਦੇ ਫੇਰ ਲਵੇ ਵੀ ਨਹੀਂ ਲਗਦੇ ਤੇ ਪੁਤਰ ਦੀ ਬਦਨਾਮੀ ਕਰਦੇ ਹਨ। ਉਨਾਂ ਦਾ ਭਾਵ ਦੁਨੀਆ ਨੂੰ ਇਹ ਦਸਨਾ ਹੁੰਦਾ ਹੈ ਕਿ ਉਹ ਸਚੇ ਹਨ। ਪਰ ਗੁਰੂ ਦੇ ਪਿਆਰ ਦੀ ਮਿਸਾਲ ਦਸ਼ਮੇਸ਼ ਪਿਤਾ ਜੀ ਨੇ ਭਾਈ ਜੋਗਾ ਜੀ ਵਾਸਤੇ ਵੇਸਵਾ ਦੇ ਦਰਵਾਜੇ ਤੇ ਪੈਹਰਾ ਦੇ ਕੇ ਦੁਨੀਆ ਅਗੇ ਪੇਸ਼ ਕੀਤੀ ਹੈ। ਹੋਰ ਗੁਰੂ ਸਾਹਿਬਾਨ ਦੇ ਜੀਵਨ ਤੋਂ ਵੀ ਪਤਾ ਲਗਦਾ ਹੈ ਕਿ ਉਨਾਂ ਨੇ ਆਪਨਾ ਆਪ ਤੇ ਸਰਬੰਸ ਵਾਰਨ ਤੋਂ ਵੀ ਦਰੇਗ ਨਹੀਂ ਕੀਤਾ। ਇਹ ਸਭ ਕੁਝ ਕਿਸ ਲਈ ? ਕੇਵਲ ਅਪਣੇ ਸਿਖਾਂ ਲਈ। ਸਿਖੀ ਦੀ ਇਮਾਰਤ ਬਨ ਉਣ ਵਾਸਤੇ ਗੁਰੂ ਸਾਹਿਬਾਨ ਨੇ ਅਪਣਾ ਅਪਣਾ ਹਿਸਾ ਪਾਇਆ ਤੇ ਅਪਣੇ ਬਚਿਆਂ ਦਾ ਖ਼ੂਨ ਵੀ ਨੀਹਾਂ ਵਿਚ ਪਾਕੇ ਸਿਖੀ ਇਮਾਰਤ ਨੂੰ ਪਕਿਆਂ ਕੀਤਾ। ਇਹ ਹੈ ਇਸ਼ਾਰੇ ਮਾਤ੍ਰ ਗੁਰੂ ਵਲੋਂ, ਗੁਰੂ ਤੇ ਸਿਖ ਦੇ ਰਿਸ਼ਤੇ ਦਾ ਸਬੂਤ। ਗੁਰੂ ਸਾਹਿਬਾਨ ਵਲੋਂ ਸ਼ਹੀਦੀ ਦੀ ਅਮਲੀ ਮਿਸਾਲ ਵੇਖ ਕੇ ਗੁਰ



www.AKJ.Org

ਸਿਖਾਂ ਨੇ ਵੀ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਅਪਣੇ ਪਿਆਰ ਦਾ ਸੋਹਣਾ ਸਬੂਤ ਦਿਤਾ । ਧੰਨ ਗੁਰੂ ਤੇ ਧੰਨ ਗੁਰਸਿਖੀ !!

"ਵਸ ਆਇਆ ਪਿਰ ਛੋੜ ਨ ਜਾਈ
ਇਹ ਰੀਤ ਭਲੀ ਭਗਵੰਤੇ"

ਗੁਰੂ ਕਿਸੇ ਹਾਲਤ ਵਿਚ ਵੀ ਸਿਖ ਨੂੰ ਕਿਸੇ ਕਿਸਮ ਦੀ ਔਕੜ ਵਿਚ ਨਹੀ ਵੇਖ ਸਕਦਾ। ਇਹ ਇਕ ਅਟੱਲ ਸਚਾਈ ਹੈ।

ਅਪਣੇ ਮਜ਼ਮੂਨ ਤੋਂ ਦੂਰ ਨ ਜਾਂਦਾ ਹੋਇਆ, ਸਾਧ ਸੰਗਤ ਦੀ ਬਖਸ਼ੀ ਹੋਈ ਬੁਧੀ ਅਨੁਸਾਰ ਇਹ ਕਹਿਣਾ ਉਚਿਤ ਸਮਝਦਾ ਹਾਂ ਕਿ ਗੁਰਮਤਿ ਵਿਚ ਆਏ ਹੋਇ ਦੀ ਪਹਿਲੀ ਪਹਿਚਾਨ ਇਹ ਹੈ ਕਿ ਜਦੋਂ ਉਸਨੂੰ ਗੁਰਮਤਿ ਆਸ਼ਾ ਦਸਿਆ ਜਾਏ ਤਾਂ ਕੀ ਉਹ ਧਿਆਨ ਨਾਲ ਸੁਣਦਾ ਹੈ, ਉਸਤੇ ਨੁਕਤਾ ਚੀਨੀ ਤੇ ਨਹੀ ਸ਼ੁਰੂ ਕਰ ਦੇਂਦਾ ਅਤੇ ਸੁਨਣ ਪਿਛੋਂ ਕੀ ਉਹ ਉਸਤੇ ਅਮਲ ਕਰਨ ਦਾ ਉਪਰਾਲਾ ਵੀ ਕਰਦਾ ਹੈ ਕਿ ਨਹੀਂ ? ਜੇ ਉਹ ਅਪਣੇ ਅੰਦਰਲੇ ਮਨ ਨਾਲ ਸੁਣ ਰਿਹਾ ਹੈ ਤਾਂ ਸਮਝੋ ਕਿ ਉਸ ਅੰਦਰ ਗੁਰਮਤਿ ਦਾ ਪਿਆਰ ਜਾਗ ਰਿਹਾ ਹੈ।

ਭਾਵੇਂ ਅਸੀਂ ਸੌ ਫੀ ਸਦੀ ਪਹਿਚਾਨ ਬਾਰੇ ਅੰਦਾਜ਼ਾ ਨਹੀ ਲਗਾ ਸਕਦੇ, ਫੇਰ ਵੀ ਅਨਭੱਵ ਦੇ ਆਧਾਰ ਤੇ ਦੂਜੀ ਪਹਚਾਨ ਉਸਦੀ ਇਉਂ ਹੈ ਕਿ ਉਸਦੇ ਵਿਚਾਰਦੇ ਦਾਇਰੇ ਨੂੰ ਦੇਖੋ। ਜੇ ਉਸਦਾ ਦਾਇਰਾ ਵਿਸ਼ਾਲ ਹੈ ਤਾਂ ਉਹ ਉਚੀ ਬਿਰਤੀ ਦਾ ਮਾਲਕ ਹੋ ਸਕਦਾ ਹੈ ਅਤੇ ਜੇ ਉਸਦੇ ਵਿਚਾਰ ਦਾ ਦਾਇਰਾ ਸਕੁਚਿਤ ਹੈ ਤਾਂ ਉਹ ਅਜੇ ਗੁਰਮਤਿ ਤੇ ਚਲਣਾ ਨਹੀਂ ਸਿਖਿਆ। ਉਹ ਅਜੇ ਗੁਰਮਤਿ ਤੋਂ ਦੂਰ ਹੀ ਹੈ।

ਤੀਜੇ ਪਹਿਚਾਨ ਇਹ ਕਹੀ ਜਾ ਸਕਦੀ ਹੈ ਕਿ ਜੇ ਉਹ ਅਪਣੇ ਵਿਚਾਰ ਦੂਜਿਆਂ ਤੇ ਠੋਸਨਾ ਚਾਹੁੰਦਾ ਹੈ ਤਾਂ ਉਹ ਗੁਰਮਤਿ ਦਾ ਜਾਨੂ ਨਹੀਂ ਤੇ ਉਸਦੀ ਬਿਰਤੀ ਉਚੀ ਨਹੀ ਕਹੀ ਜਾ ਸਕਦੀ। ਜਬਰੀ ਪਾਲਿਸੀ ਨਾਲ ਤਾਂ ਕੋਈ ਵੀ ਕਿਸੇ ਨੂੰ ਨਹੀਂ ਮਨਾਅ ਸਕਦਾ। ਚੌਥੀ ਪਹਿਚਾਨ ਉਸਦੇ ਸੁਭਾਵ ਦੀ ਪਰਖ ਹੈ। ਜੇ ਉਸਦੇ ਮਨ ਵਿਚ ਨਿਮ੍ਰਤਾ ਤੇ ਗਰੀਬੀ ਹੈ ਤਾਂ ਉਸਦੀ ਬਿਰਤੀ ਸਾਫ ਤੇ ਉਚੀ ਕਹੀ ਜਾ ਸਕਦੀ ਹੈ ਨਹੀਂ ਤੇ ਅਜੇ ਉਹ ਪਿਛੇ ਹੀ ਹੈ। ਗੁਰਮਤਿ ਵਿਚ ਆਉਣ ਦਾ ਸਬੂਤ ਇਹ ਹੀ ਹੈ ਕਿ ਸਿਖ ਦੇ ਮਨ ਵਿਚ ਗਰੀਬੀ ਆਵੇ। ਗਰੀਬੀ ਤੋਂ ਭਾਵ ਆਜਜ਼ੀ ਤੇ ਨਿਮ੍ਰਤਾ ਹੈ। ਗੁਰਵਾਕਾਂਨੁਸਾਰ :—

"ਗੁਰਮਤਿ ਰਿਦੇ ਗਰੀਬੀ ਆਵੈ"

ਇਸ ਤੋਂ ਇਲਾਵਾ ਪੰਜਵੀ ਪਹਿਚਾਨ ਇਉਂ ਹੈ ਕਿ ਉਸਦੇ ਦਿਨ ਦਾ ਕਰਮ-ਚਕਰ (programme) ਦੇਖਿਆ ਜਾਵੇ। ਉਸਦੇ ਦਿਨ ਦਾ ਕਰਮ-ਚਕਰ ਆਪ ਹੀ ਦਸ ਦੇਵੇਗਾ ਕਿ ਇਹ ਕਿਸ



www.AKJ.Org

ਹਦ ਤਕ,ਕਿਸ ਸਮੇਂ ਤੇ ਕਿਸ ਵਿਧੀ ਨਾਲ ਤੇ ਕਿਸ ਪ੍ਰਕਾਰ ਦੀ ਸੰਗਤਿ ਵਿਚ ਰਹਿਕੇ ਅਪਣੀਆਂ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਕਰ ਰਿਹਾ ਹੈ । ਜੇ ਉਸਦੇ ਅਮਲ ਠੀਕ ਹਨ ਤਾਂ ਉਹ ਗੁਰਮਤਿ ਦਾ ਸੁਚਜਾ ਜਾਣੂੰ ਕਿਹਾ ਜਾ ਸਕਦਾ ਹੈ । ਇਸ ਤੋਂ ਇਲਾਵਾ ਉਸਦੇ ਗੁਰਮਤਿ ਕਰਮ (actions) ਦਿਖਾਵੇ ਮਾਤ੍ਰ ਤਾਂ ਨਹੀਂ ? ਇਸ ਤੋਂ ਇਲਾਵਾ ਉਸਦੇ ਅਸੂਲਾਂ ਦੀ ਪੁਖ਼ਤਗੀ ਕਿਸ ਹਦ ਤਕ ਹੈ ? ਕਿਧਰੇ ਢਿਲ ਤੇ ਨਹੀਂ ਦੇ ਦੇਂਦਾ । ਜੇ ਉਸ ਦੇ ਦਿਲ ਵਿਚ ਅਪਨੇ ਅਸੂਲਾਂ ਦਾ ਪਿਆਰ ਹੈ ਤੇ ਉਨਾਂ ਨੂੰ ਨਿਭਾਉਣ ਲਈ ਉਹ ਦੁਨੀਆਂਦਾਰਾਂ ਦੀ ਪ੍ਰਵਾਹ ਨਹੀਂ ਕਰਦਾ ਤਾਂ ਉਹ ਸੁਚਾ ਹੀਰਾ ਹੈ । ਕੀ ਹੋਇਆ ਉਸਦੀ ਦੁਨੀਆਂਦਾਰਾਂ ਨਾਲ ਸੁਸਾਇਟੀ ਨਹੀਂ ਬਨ ਸਕਦੀ । ਗੁਰਵਾਕਾਂ ਅਨੁਸਾਰ ਸੰਸਾਰਿਆਂ ਤੇ ਭਗਤਾਂ ਦਾ ਕੋਈ ਮੇਲ ਨਹੀਂ ਬਨ ਆਉਂਦਾ । ਐਸਾ ਸਿਖੱ ਠੀਕ ਹੀ ਗੁਰਮਤਿ ਤੇ ਚਲਨ ਵਾਲਾ ਹੁੰਦਾ ਹੈ । ਭਾਵੇਂ ਉਹ ਥੋੜੀ ਰਫਤਾਰ ਨਾਲ ਚਲਦਾ ਦਿਸੇ, ਪਰ ਉਸਦਾ ਐਸਾ ਰਸਤਾ ਉਸਨੂੰ ਉਚਾ ਉਠਾਉਣ ਵਿਚ ਮਦਦ ਦੇਵੇਗਾ । ਇਹ ਤਾਂ ਹੈ ਜ਼ਾਹਿਰੀ ਪਸਿਚਾਨ । ਵੈਸੇ ਤਾਂ ਦਾਤਾ ਹੀ ਅਪਨੇ ਆਪ ਵਡਾ ਪਾਰਖੂ ਹੈ, ਸਾਡੀ ਸਮਝ ਦਾ ਅੰਦਾਜ਼ਾ ਗਲਤ ਵੀ ਹੋ ਸਕਦਾ ਹੈ ।

ਗੁਰਮਤਿ ਵਿਚ ਆਏ ਹੋਇ ਦੀ ਸਭ ਤੋਂ ਵਡੀ ਪਹਿਚਾਨ ਇਹ ਹੈ ਕਿ ਉਹ ਕਿਸੇ ਕੰਮ ਦਾ ਕਰਤਾ ਅਪਨੇ ਆਪਨੂੰ ਨਹੀਂ ਮੰਨੇਗਾ । ਜਦੋਂ ਉਹ ਕਿਸੇ ਦਾ ਭਲਾ ਕਰੇਗਾ ਤੇ ਭਲੇ ਕੀਤੇ ਹੋਇ ਮਨੁਖ ਵਲੋਂ ਅਪਣੀ ਵਡਿਆਈ ਉਪਮਾਂ ਸੁਣਕੇ, ਕੰਮ ਕਰਤਾਰ ਦਾ ਹੀ ਕੀਤਾ ਹੋਇਆ ਦਰਸਾਏਗਾ ।

ਉਹ ਬੋਲਣ ਵਿਚ ਬਹੁਤ ਘਟ ਸ਼ਬਦਾਂ ਦਾ ਇਸਤੇਮਾਲ ਕਰਕੇ ਆਪਣੇ ਭਾਵ ਨੂੰ ਪ੍ਰਗਟ ਕਰੇਗਾ । ਉਹ ਦੁਨੀਆਵੀ ਗਲਾਂ ਸੁਣ ਕੇ, ਕੁਝ ਚਿਰ ਮਗਰੋਂ ਮਨ ਵਿਚ ਉਪਰਾਮਤਾ ਮਹਸੂਸ ਕਰੇਗਾ ਤੇ ਦੁਨਿਆਦਾਰਾਂ ਦੀ ਬਕ-ਬਕ ਨੂੰ, ਜਿਸ ਵਿਚ ਨਿੰਦਾ ਦਾ ਅੰਸ਼ ਜ਼ਿਆਦਾ ਹੁੰਦਾ ਹੈ, ਸੁਣ ਕੇ ਅਣਸੁਣੀ ਤੇ ਅਨਡਿਠ ਕਰਨ ਦੀ ਕੋਸ਼ਿਸ ਕਰੇਗਾ ।

ਗੁਰਮਤਿ ਜਾਣੂ ਜਿਆਦਾ ਜੋਰ, ਅਮਲੀ ਤੌਰ ਤੇ ਭਲਾਈ ਕਰਨ ਤੇ ਦੇਵੇਗਾ ਕਿਉਂ ਜੋ ਉਸਨੂੰ ਭਲਾ ਕੰਮ ਕਰਕੇ ਅੰਦਰਲੀ ਖੁਸ਼ੀ ਹੁੰਦੀ ਹੈ । ਗੁਰਮਤਿ ਵਿਚ ਆਇਆ ਹੋਇਆ ਤੇ ਗੁਰਮਤਿ ਦਾ ਜਾਣੂ ਸਜਨ, ਦੂਜਿਆਂ ਨੂੰ ਗੁਰਮਤਿ ਵਲ ਪਰੇਰੇਗਾ । ਇਕ ਖਾਸ ਨਿਮਰਤਾ ਦੇ ਢੰਗ ਨਾਲ ਬਚਨ ਕਰੇਗਾ ਜਿਹੜੀ ਕਿ ਸਰਬ ਪਰਵਾਨ ਹੋਵੇਗੀ । ਉਸਦੀ ਜ਼ੁਬਾਨ ਵਿਚ ਐਸੀ ਮਿਠਾਸ ਹੋਵੇਗੀ ਜਿਹੜੀ ਕਿ ਸਾਰਿਆਂ ਦੇ ਦਿਲਾਂ ਨੂੰ ਜਿਤਕੇ ਉਨਾਂ ਤੇ ਗੁਰਮਤਿ ਦਾ ਪ੍ਰਭਾਵ ਪਾਵੇਗੀ ।

ਮਨੁਖ ਭਾਵੇਂ ਕਿਸੇ ਵੀ ਧਰਮ ਨੂੰ ਪਾਲਨ ਵਾਲਾ ਹੋਵੇ ਜੇ ਉਹ ਦੂਜਿਆਂ ਦੇ ਧਰਮ ਨਾਲ ਘਿਰਨਾ ਨਹੀਂ ਕਰਦਾ ਤੇ ਉਨਾਂ ਤੇ ਫਜ਼ੂਲ ਟੀਕਾ ਟਿਪਨੀ ਨਹੀਂ ਕਰਦਾ ਤੇ ਮਨ ਵਿਚ ਬੁਰਾ ਨਹੀਂ ਸੋਚਦਾ ਤੇ ਨਾਲ ਹੀਨਾਲ ਦਿਲ ਵਿਚ"ਕੀ ਜਾਨਾ ਸ਼ਹੁ ਕਉਣ ਪਿਆਰੀ"ਨੂੰ ਯਾਦ ਰਖਦਾ ਹੈ ਉਹ ਹੀ ਦਾਤੇਦੇ ਪਿਆਰ



www.AKJ.Org

ਦਾ ਪਾਤਰ ਹੈ ਤੇ ਗੁਰਮਤਿ ਨੂੰ ਸਮਝਨ ਵਾਲਾ ਹੁੰਦਾ ਹੈ। ਬਹੁਤ ਵਾਰੀ ਵੇਖਨ ਵਿਚ ਆਇਆ ਹੈ ਕਿ ਬਹੁਤ ਸਾਰੇ ਐਸੇ ਲੋਕ ਜੋ ਅਪਨੇ ਆਪ ਨੂੰ ਗੁਰਮਤਿ-ਜਾਣੂ ਤੇ ਰਬ-ਲੋਕ ਸਮਝਦੇ ਹਨ ਤੇ ਲੋਕ ਵੀ ਜਿਨ੍ਹਾਂ ਬਾਰੇ ਇਹੀ ਖਿਆਲ ਕਰਦੇ ਹਨ ਕਿ ਭਗਤੀ-ਰੋਚਕ ਤੇ ਨੇਕ ਹਨ, ਦੂਜੇ ਧਰਮ ਦਿਆਂ ਨੂੰ ਵੇਖਕੇ ਨਫਰਤ ਕਰਦੇ ਹਨ ਤੇ ਕਈ ਕਿਸਮ ਦੇ ਸ਼ਬਦ ਵੀ ਕਹਿੰਦੇ ਹਨ। ਐਸੇ ਮਨੁਖ ਬੇਸ਼ਕ ਅਪਨੇ ਮਨ ਵਿਚ ਅਪਨੇ ਲਈ ਕੁਝ ਵੀ ਸੋਚਨ, ਗੁਰਮਤਿ ਦੇ ਜਾਣੂ ਤੇ ਗੁਰਮਤਿ ਪਾਲਨ ਵਾਲੇ ਨਹੀਂ ਕਹੇ ਜਾ ਸਕਦੇ ਕਿਉਂ ਉਹ ਗੁਰਮਤਿ ਦੇ ਤਰਾਜੂ ਤੇ ਪੂਰਾ ਨਹੀਂ ਉਤਰਦੇ। ਅਸੀ ਕਈ ਵਾਰੀ ਦੂਜਿਆਂ ਦੇ ਜ਼ਾਹਿਰੀ ਭੇਖ ਤੇ ਪੂਜਾ ਪਾਠ ਤੋਂ ਉਨਾਂ ਬਾਰੇ ਗਲਤ ਅੰਦਾਜ਼ਾ ਲਾ ਲੈਂਦੇ ਹਾਂ। ਗੁਰਮਤਿ ਦਾ ਜਾਣੂ ਹੋਨਾ ਤੇ ਗੁਰਮਤਿ ਨੂੰ ਅਸਲੀ ਤੌਰ ਤੇ ਮਨਣਾ ਦੋ ਅਲਗ ਚੀਜ਼ਾਂ ਹਨ। ਫ਼ਾਰਸੀ ਭਾਸ਼ਾ ਦੇ ਇਕ ਆਲਮ ਨੇ ਕਿਹਾ ਢੁਕਵਾਂ ਕਿਹਾ ਹੈ।

"ਖੁਦਾ-ਤਰਸ ਅਜ਼ ਖੁਦਾ-ਦਾਂਨ ਹਜ਼ਾਰ ਦਰਜਾ ਬਹਤਰ ਅਸਤ" ਅਰਥਾਤ ਵਾਹਿਗੁਰੂ ਦੇ ਜਾਨਣ ਵਾਲੇ ਨਾਲੋਂ ਵਾਹਿਗੁਰੂ ਦਾ ਭੈ ਰਖਣ ਵਾਲਾ ਹਜ਼ਾਰ ਗੁਣਾ ਚੰਗਾ ਹੁੰਦਾ ਹੈ। ਠੀਕ ਹੈ। ਸਾਰੀ ਗਲ ਤਾਂ ਇਥੇ ਮੁਕਦੀ ਹੈ ਕਿ ਗੁਰਮਤਿ ਵਿਚ ਆਇਆ ਹੋਇਆ ਅਪਨੀ ਦ੍ਰਿਸ਼ਟੀ ਬਦਲੇ ਤੇ ਉਸਦੀ ਸ੍ਰਿਸ਼ਟੀ ਅਪਨੇ ਆਪ ਬਦਲ ਜਾਇਗੀ। ਜੇ ਉਹ ਸਮ-ਦਰਸੀ ਹੈ ਤਾਂ ਗੁਰਮਤਿ ਤੇ ਠੀਕ ਚਲ ਰਿਹਾ ਹੈ। ਵਾਹਿਗੁਰੂ ਐਸੇ ਮਨੁਖਾਂ ਦਾ ਕਦਮ ਕਦਮ ਤੇ ਸਹਾਇਕ ਹੁੰਦਾ ਹੈ, ਹੋਵੇਗਾ ਤੇ ਹੁੰਦਾ ਰਿਹਾ ਹੈ।

---

## MATRIMONIAL

Amritdhari educated match is wanted for a young man of 28, 5"—6" living in Canada, have very good earning, working as Tool Maker. Caste unimportant but he belongs to Jat Sikh family. Interested reply air mail to Mr. D. Singh 585, Uni Ave. W. WINDSOR Ont. Canada.



www.AKJ.Org

ੴ ਸਤਿਗੁਰ ਪ੍ਰਸਾਦਿ ॥

ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥

# ਸਮੂੰਹ ਸਿਖ ਜਗਤ ਦੀ ਸੇਵਾ ਵਿਖੇ

# ਤੀਜੀ

# ਅਪੀਲ

ਵਲੋਂ : ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟਰਸਟ, ਅੰਬਾਲਾ ਛਾਉਣੀ ।

ਪਿਆਰੇ ਖਾਲਸਾ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

ਦਾਸ ਇਸ ਤੋਂ ਪਹਿਲਾਂ ਵੀ ਇਕ ਪੈਂਫਲੇਟ ਅਤੇ ਇਕ ਇਸ਼ਤਿਹਾਰ ਦੁਆਰਾ ਸਮੂੰਹ ਸਿਖ ਜਗਤ ਨੂੰ ਅਪੀਲ ਕਰ ਚੁਕਾ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤਰ ਸਰੂਪ ਬਜ਼ਾਰਾਂ ਵਿਚ ਮੁਲ ਵਿਕਣੇ, ਦੁਕਾਨਾਂ ਤੇ ਬਿਨਾਂ ਕਿਸੇ ਆਦਰ ਸਤਿਕਾਰ ਦੇ ਅਲਮਾਰੀਆਂ ਵਿਚ ਰਖਣੇ ਤੇ ਛਾਪੇ ਖਾਨਿਆਂ ਵਿਚ ਪੈਰਾਂ ਹੇਠ ਗੁਰਬਾਣੀ ਦੇ ਪਤਰੇ ਲਿਤਾੜਨੇ, ਪ੍ਰਤਖ ਗੁਰੂ ਦੀ ਦੇਹ ਦਾ ਅਪਮਾਨ ਵੇਖ ਕੇ ਹਿਰਦਾ ਕੰਬ ਜਾਂਦਾ ਹੈ ।

ਸ਼ਬਦ-ਅਵਤਾਰ, ਬਾਣੀ ਰੂਪ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਸਮੂਹ ਖਾਲਸੇ ਨੂੰ ਗੁਰੂ ਕਲਗੀਧਰ ਜੀ ਨੇ ਲਾਇਆ ਅਤੇ ਰੋਜ਼ਾਨਾ ਲਖਾਂ ਗੁਰ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰਾਂ ਦੀ ਦੇਹ ਸਮਝ ਕੇ ਸੀਸ



www.AKJ.Org

ਝੁਲਾਉਂਦੇ ਹਨ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਸਮੇਂ ਸ਼ਾਹਾਨਾ ਸੁਆਗਤ ਅਤੇ ਸੁੰਦਰ ਪਾਲਕੀ ਵਿਚ ਬਿਰਾਜਮਾਨ ਕਰਕੇ ਸੰਗਤਾਂ ਚਰਨ ਧੂੜੀ ਮਸਤਕ ਲਾਉਂਦੀਆਂ ਹਨ । ਪਰ ਅਫਸੋਸ ਇਸ ਗਲ ਦਾ ਹੈ ਕਿ ਇਸੇ ਹੀ ਪਵਿਤਰ ਸਰੂਪ ਨੂੰ ਸ੍ਰੀ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਖੇ ਕੁਚਜੇ ਢੰਗ ਨਾਲ ਸੌਦੇ ਬਾਜ਼ੀ ਕਰਕੇ ੪੦-੫੦ ਰੁਪੈ ਵਿਚ ਵੇਚਿਆ ਜਾਂਦਾ ਹੈ ਤੇ ਪੇਟੀਆਂ ਵਿਚ ਬੰਦ ਕਰਕੇ ਰੇਲ ਗਡੀਆਂ ਤੇ ਟਰੱਕਾਂ ਵਿਚ ਲੱਦ ਕੇ ਭੇਜਿਆ ਜਾਂਦਾ ਹੈ । ਸੋ ਇਸ ਘੋਰ ਬੇਅਦਬੀ ਨੂੰ ਅਸੀਂ ਸਿਖ ਪੰਥ ਦੇ ਮਥੇ ਤੇ ਕਲੰਕ ਦਾ ਟਿਕਾ ਸਮਝਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਦ ਅੰਬਾਲੇ ਛਾਉਣੀ ਵਿਖੇ ਪੰਜ ਸਿੰਘਾਂ ਦਾ ਟਰੱਸਟ ਬਣਾ ਕੇ ਇਸ ਘੋਰ ਬੇਅਦਬੀ ਨੂੰ ਬੰਦ ਕਰਨ ਲਈ ਉਚ ਪਧਰ ਤੇ ਉਪਰਾਲਾ ਕੀਤਾ ਹੈ । ਸੋ ਆਉ ਖਾਲਸਾ ਜੀ ਕਮਰ ਕਸੇ ਕਰਕੇ ਇਸ ਪਵਿਤਰ ਯਗ ਵਿਚ ਆਪਣਾ ਤਨ, ਮਨ ਤੇ ਧਨ ਭੇਟ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ।

## -: ਪਰੋਗਰਾਮ :-

੧. ਅੰਬਾਲਾਂ ਛਾਉਣੀ ਤੋਂ ਚਾਰ ਮੀਲ ਦੇ ਫਾਸਲੇ ਤੇ ਸ਼ਾਹਪੁਰ ਪਿੰਡ ਦੇ ਲਾਗੇ ਜੀ. ਟੀ. ਰੋਡ ਤੇ ੨੫ ਏਕੜ ਦੇ ਪਲਾਟ ਵਿਚ ਇਕ ਮਹਾਨ ਅਤਿਅੰਤ ਸੁੰਦਰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਕਾਇਮ ਕੀਤਾ ਜਾਏਗਾ ।

੨. ਇਕ ਮਹਾਨ ਗੁਰਬਾਣੀ ਪ੍ਰਿੰਟਿੰਗ ਪ੍ਰੈਸ ਲਗਾਇਆ ਜਾਵੇਗਾ । ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿਤਰ ਸਰੂਪ ਛਾਪੇ ਜਾਣਗੇ । ਛਪਾਈ ਸਮੇਂ ਅਦਬ-ਸਤਿਕਾਰ ਦਾ ਅਤੀ ਧਿਆਨ ਰਖਿਆ ਜਾਏਗਾ । ਅਤੇ ਛਪਾਈ ਬਲਾਕਾਂ ਦੁਆਰਾ ਕੀਤੀ ਜਾਵੇਗੀ ।

੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤਰ ਸਰੂਪ ਛਪਣ ਤੋਂ ਬਾਦ ਸਾਰੇ ਦੇਸ਼ ਅਤੇ ਵਿਦੇਸ਼ ਨੂੰ ਬਿਨਾਂ ਕਿਸੇ ਮੋਖ ਤੋਂ ਦਿਤੇ ਜਾਣਗੇ । ਅਤੇ ਹਰ ਇਕ ਵਡੇ ਸ਼ਹਿਰਾਂ ਦੀਆਂ ਸਿੰਘ ਸਭਾਵਾਂ ਪਾਸ ਸਪੈਸ਼ਲ ਸਟੇਸ਼ਨ ਵੈਗਨ ਦੁਆਰਾਂ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਅਤੀ ਸਤਿਕਾਰ ਪੂਰਵਕ ਪਹੁੰਚਾਨ ਦਾ ਪ੍ਰਬੰਧ ਕੀਤਾ ਜਾਵੇਗਾ ਤੇ ਉਥੋਂ ਲਾਗੇ ਦੀਆਂ ਲੋੜਵੰਦ ਸੰਗਤਾਂ ਨੂੰ ਬਿਨਾ ਮੋਖ ਤੋਂ ਹੀ ਦਿਤੇ ਜਾਣਗੇ । ਹਾਂ ਸ਼ਰਧਾਲੂ ਸਜਣ ਗੋਲਕ ਵਿਚ ਮਾਇਆ ਅਰਪਨ ਕਰ ਸਕਣਗੇ ਪਰ ਪ੍ਰਤੱਖ ਗੁਰੂ ਦੀ ਦੇਹ ਲੈ ਜਾਣ ਸਮੇਂ ਸਤਿਕਾਰ ਦਾ ਧਿਆਨ ਰਖਣਾ ਪਵੇਗਾ ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਛੁਟ ਗੁਰਬਾਣੀ ਦੇ ਟੀਕੇ, ਸੈਂਚੀਆਂ, ਪੋਥੀਆਂ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਦਸਮ ਪਾਤਿਸ਼ਾਹ ਦੀ ਬਾਣੀ, ਭਾਈ ਨੰਦ ਲਾਲ (ਸਿੰਘ) ਜੀ ਦੀ ਬਾਣੀ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਛਾਪਣ ਦਾ ਪਰਬੰਧ ਵੀ ਹੋਵੇਗਾ ।



www.AKJ.Org

੫. ਇਕ ਮਹਾਨ ਗੁਰਬਾਣੀ ਵਿਦਿਆਲਿਆ ਖੋਲਿਆ ਜਾਵੇਗਾ । ਜਿਸ ਵਿਚ ਉਚ ਪਧਰ ਦੀ ਧਾਰਮਕ ਵਿਦਿਆ, ਗੁਰਬਾਣੀ ਵਿਆਕਰਣ, ਕੋਸ਼, ਪ੍ਰਿਆਏ, ਗੁਰਬਾਣੀ ਦੇ ਅਰਥ ਬੋਧ ਅਤੇ ਗੁਰਬਾਣੀ ਦੀ ਕਥਾ ਸਮੇਤ ਪੰਜਾਬੀ, ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ, ਭਾਸ਼ਾ ਵੀ ਪੜਾਈ ਜਾਵੇਗੀ ।

੬. ਗ੍ਰੰਥੀਆਂ, ਰਾਗੀ ਅਤੇ ਪ੍ਰਚਾਰਕਾਂ ਨੂੰ ਗੁਰਮਤ ਅਨੁਸਾਰ ਟਰੇਨਿੰਗ ਦਿਤੀ ਜਾਵੇਗੀ ਤੇ ਕੀਰਤਨ ਗੁਰੂ ਮਹਾਰਾਜ ਦੇ ਦਸੇ ਹੋਏ ਆਸ਼ੇ ਅਨੁਸਾਰ ਰਾਗਾਂ ਵਿਚ ਸਿਖਾਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ ।

੭. ਇਸ ਮਹਾਨ ਵਿਦਿਆਲਿਆ ਵਿਚੋਂ ਵਿਦਿਆ ਪ੍ਰਾਪਤ ਕਰਨ ਵਾਲੇ ਰਾਗੀਆਂ, ਗ੍ਰੰਥੀਆਂ ਤੇ ਪਰਚਾਰਕਾਂ ਨੂੰ ਸਰਟੀਫਿਕੇਟ ਦਿਤੇ ਜਾਣਗੇ । ਤੇ ਦੇਸ਼ ਭਰ ਦੀਆਂ ਸਿਘ ਸਭਾਵਾਂ ਨੂੰ ਬਿਨੈ ਕੀਤੀ ਜਾਵੇਗੀ ਕਿ ਉਨ੍ਹਾਂ ਨੂੰ ਵਧ ਤੋਂ ਵਧ ਤਨਖਾਹਾਂ ਦਿਤੀਆਂ ਜਾਣ । ਤੇ ਉਹਨਾਂ ਦੀ ਹਰ ਲੋੜ ਪੂਰੀ ਕੀਤੀ ਜਾਣ ਦਾ ਧਿਆਨ ਰਖਿਆ ਜਾਵੇ ।

ਇਸ ਮਹਾਨ ਪਵਿਤਰ ਅਸਥਾਨ ਤੇ ਬਿਲਡਿੰਗ ਦਾ ਵੇਰਵਾ ਇਉਂ ਹੈ :-

੧. ਇਕ ਮਹਾਨ ਸੁੰਦਰ ਸੰਗਮਰਮਰ ਦੀ ਬਿਲਡਿੰਗ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਰੋਜ਼ਾਨਾ ਪ੍ਰਕਾਸ਼ ਹੋਵੇ ਅਤੇ ਅਠੇ ਪਹਿਰ ਨਿਰੋਲ ਗੁਰਬਾਣੀ ਦਾ ਕੀਰਤਨ ਹੋਵੇ ।

੨. ਇਕ ਵਡੀ ਬਿਲਡਿੰਗ ਤਿਆਰ ਹੋਵੇ ਜਿਥੇ ਗੁਰਬਾਣੀ ਪ੍ਰਿੰਟਿੰਗ ਪ੍ਰੈਸ ਦੀਆਂ ਮਸ਼ੀਨਾਂ ਲਗਣਗੀਆਂ ।

੩. ਇਕ ਵਡਾ ਹਾਲ਼ ਕਮਰਾ ਜਿਥੇ ਬਾਈਡਿੰਗ ਅਤੇ ਜਿਲਦ ਆਦਿ ਦਾ ਕੰਮ ਹੋਵੇਗਾ ।

੪, ਇਕ ਅਤਿ ਸੁੰਦਰ ਸੰਗਮਰਮਰ ਦੀ ਬਿਲਡਿੰਗ ਉਸਾਰੀ ਜਾਵੇਗੀ ਜਿਸਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤਰ ਸਰੂਪ ਤਿਆਰ ਹੋਣ ਤੋਂ ਬਾਦ ਉਥੇ ਸੁੰਦਰ ਸੇਜਾਂ ਤੇ ਬਿਰਾਜਮਾਨ ਕੀਤੇ ਜਾਣਗੇ । ਇਸਦੀ ਛੱਤ ਸ਼ੀਸ਼ੇ ਦੀ ਤੇ ਦੀਵਾਰਾਂ ਸੰਗਮਰਮਰ ਦੀਆਂ ਹੋਣਗੀਆਂ ।

੫, ਇਕ ਮਹਾਨ ਬਿਲਡਿੰਗ ਗੁਰਬਾਣੀ ਵਿਦਿਆਲਿਆ ਲਈ ਉਸਾਰੀ ਜਾਵੇਗੀ ਜਿਥੇ ਵਿਦਿਆਰਥੀ ਧਾਰਮਿਕ ਵਿਦਿਆ ਪ੍ਰਾਪਤ ਕਰ ਸਕਣਗੇ ।

੬. ਇਕ ਸੰਤ ਆਸ਼ਰਮ ਉਸਾਰਿਆ ਜਾਵੇਗਾ ਜਿਥੇ ਸੰਤ ਮਹਾਤਮਾ, ਵਿਦਵਾਨ, ਰਾਗੀ ਜਥੇ, ਪ੍ਰਚਾਰਕ ਆਦਿ ਵਿਸ਼ਰਾਮ ਕਰ ਸਕਣਗੇ ।

੭. ਵਿਦਿਆਰਥੀ ਅਤੇ ਪ੍ਰੈਸ ਮੁਲਾਜ਼ਮਾਂ ਤੇ ਸੇਵਾਦਾਰਾਂ ਲਈ ਕੁਆਰਟਰ ਬਣਾਏ ਜਾਣਗੇ ।



www.AKJ.Org

੮. ਸਮੂੰਹ ਸੰਗਤਾਂ ਦੇ ਇਸ਼ਨਾਨ ਕਰਨ ਲਈ ਪਵਿਤਰ ਸਰੋਵਰ ਵੀ ਬਣਾਇਆ ਜਾਵੇਗਾ ।

੯. ਗੁਰੂ ਕੇ ਲੰਗਰ ਲਈ ਅਤੇ ਸਟੋਰ ਲਈ ਵੀ ਵਡੀ ਬਿਲਡਿੰਗ ਬਣਾਈ ਜਾਵੇਗੀ ।

੧੦. ਬਾਹਰੋਂ ਆਉਣ ਵਾਲੀਆਂ ਸੰਗਤਾਂ ਲਈ ਵਿਸ਼ਰਾਮ ਲਈ ਸਰਾਂਹ ਬਣਾਈ ਜਾਵੇਗੀ ।

੧੧. ਇਸ ਸਮੁਚੇ ਪਵਿਤਰ ਅਸਥਾਨ ਲਈ ੨੫ ਏਕੜ ਦਾ ਪਲਾਟ ਨੀਯਤ ਕੀਤਾ ਗਿਆ ਹੈ । ਤੇ ਸਾਰੇ ਖਰਚੇ ਦਾ ਅੰਦਾਜ਼ਾ ਇਕ ਕਰੋੜ ਰੁ: ਤੋਂ ਉਪਰ ਹੋਵੇਗਾ ।

੧੨. ਇਸ ਪਵਿਤਰ ਅਸਥਾਨ ਦਾ ਨਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ' ਹੋਵੇਗਾ । ਇਹ ਸਮੂਹ ਖਾਲਸਾ ਪੰਥ ਦਾ ਸਾਂਝਾ ਅਸਥਾਨ ਹੋਵੇਗਾ । ਤੇ ਇਹ ਸਤਿਗੁਰੂ ਜੀ ਦੇ ਓਟ ਆਸਰੇ ਤੇ ਜੁਗ-ਜੁਗ ਅਟਲ ਰਹੇਗਾ ।

ਨੋਟ :-- ਇਸ ਮਹਾਨ ਉਪਰਾਲੇ ਲਈ ਨਕਦੀ ਮਾਇਆ ਤੋਂ ਛੁਟ ਹੇਠ ਲਿਖੀਆਂ ਸੇਵਾਂਵਾਂ ਦੀ ਵੀ ਲੋੜਹੈ :-

ਟਰੱਕ, ਟਰੈਕਟਰ, ਸਟੇਸ਼ਨ ਵੇਗਨ. ਜੀਪਾਂ, ਠੇਲੇ, ਇਟਾਂ ਦਾ ਭੱਠਾ, ਮਾਰਵਲ, ਚਿਪਸ, ਸਿਮਿੰਟ, ਪੱਥਰ, ਲੋਹਾ, ਚਾਦਰਾਂ, ਇਮਾਰਤੀ ਲਕੜੀ, ਸ਼ੀਸ਼ਾ ਸਨਮਾਇਕਾ ਪਲਾਈਵੁਡ, ਲੁਕ, ਰੰਗ ਰੋਗਨ, ਪਰੈਸ ਮਸ਼ੀਨਰੀ, ਕਾਗਜ਼, ਟਿਊਬਵੈਲ, ਬਿਜਲੀ ਦਾ ਸਾਮਾਨ, ਫਲਸ਼ ਦਾ ਸਾਮਾਨ ਆਦਿ ।

ਇੰਜਨੀਅਰਾਂ, ਆਰਕੀਟੇਕਸ, ਪਰੈਸ ਦੇ ਜਾਣੂ, ਤੇ ਹੋਰ ਬੇਅੰਤ ਪੜੇ ਲਿਖੇ ਰਿਟਾਇਰ ਗੁਰਮੁਖਾਂ ਦੀ ਸੇਵਾ ਦੀ ਭੀ ਅਤਿ ਲੋੜ ਹੈ ।

ਅਪਣੀ ਸ਼ਰਧਾ ਅਨੁਸਾਰ ਸੇਵਾ ਕਰਨ ਲਈ ਟਰਸਟ ਨੂੰ ਛੇਤੀ ਸੂਚਿਤ ਕਰਨ ਦੀ ਕਿਰਪਾਲਤਾ ਕਰੋ ਜੀ ।

ਸੇਵਾਦਾਰ

ਇੰਦਰ ਸਿੰਘ

ਗੋਬਿੰਦ ਨਗਰ, ਅੰਬਾਲਾ ਛਾਉਣੀ ।



www.AKJ.Org

# ਕਿਥੋਂ ਕੀ ਮਿਲਦਾ ਹੈ ?

| ਨ: | ਵਸਤ | ਮਿਲਣ ਦਾ ਪਤਾ |
|---|---|---|
| 1. | (ੳ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ (ਅ)ਜੇਲ੍ਹ ਚਿਠਿਆ ਦਾ ਅੰਗਰੇਜ ਤਰਜਮਾ। | ਭਾਈ ਸਾਹਿਬ ਭਾਇ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126 ਮਾਡਲ ਟਾਊਨ, ਲੁਧਿਆਣਾ । |
| 2. | ਹਰ ਕਿਸਮ ਦੀਆਂ ਧਾਰਮਕ ਪੁਸਤਕਾਂ । | (ੳ) ਸਿੰਘ ਬਰਦਰਜ਼ ਬਜ਼ਾਂਰ ਮਾਈ ਸਵਾਂ ਅੰਮ੍ਰਿਤਸਰ। (ਅ) ਖਾਲਸਾ ਬਰਦਰਜ਼ ਬਜ਼ਾਰ ਮਾਇ ਸੇਵਾਂ ਅੰਮ੍ਰਿਤਸਰ ! |
| 3. | ਕਿਰਪਾਨਾਂ (ਭਿੰਡਰਾਂ ਦੇ ਨਮੂਨੇ ਵਾਲੀਆਂ) | (ੳ) ਭਾ: ਇੰਦਰਜੀਤ ਸਿੰਘ ਜ, ਕਿਰਪਾਨਾਂ ਵਾਲੇ 2 ਅਜਤ ਨਗਰ, ਅੰਮ੍ਰਿਤਸਰ । (ਅ) ਭਾ;ਇੰਦਰ ਸਿੰਘ ਜ ਕਿਰਪਾਨਾਂ ਵਾਲੇ ਪਿੰਡ ਤੇ ਡਾਕਖਾਨਾ ਰਤੋਵਾਲ ਜ਼ਿਲਾ ਲੁਧਿਆਣਾ । |
| 4. | ਖੰਡੇ (ਦਸਤਾਰ ਤੇ ਸਜਾਉਣ ਵਾਲੇ) ਸਿਮਰਨੇ ਤੇ ਜੋੜਿਆਂ ਦੇ ਨੰਬਰ । | ਭਾ: ਕਿਰਪਾਲ ਸਿੰਘ ਖਾਲਸਾ ਨਿਸ਼ਾਨ ਮੇਕਰਜ਼, 90 ਲਾਲ ਕੁਆਰਟਰ, ਆਜ਼ਾਦ ਨਗਰ ਮਾਰਕੀਟ ਲੁਧਿਆਣਾ । |
| 5. | ਸਰਬ ਲੋਹ ਦੇ ਭਾਂਡੇ | ਮਿਸਤਰ ਉਜਾਗਰ ਸਿੰਘ, ਮੁਹੱਲਾ ਲੁਹਾਰਾਂ ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ, ਜ਼ਿਲਾ ਰੋਪੜ। |



www.AKJ.org
www.AKJ.Org

## AUTOBIOGRAPHY

OF

# Bhai Sahib Randhir Singh Ji

Translated with introductory thesis

BY

## Dr. Trilochan Singh

ਡਾ: ਏ. ਸੀ. ਬੈਨਰਜੀ ਸਿਖ ਇਤਿਹਾਸ ਤੇ ਰਾਜਪੂਤਾਨਾ ਦੇ ਇਤਿਹਾਸ ਦੇ ਚੋਟੀ ਦੇ ਵਿਦਵਾਨ ਹਨ। ਇਹ ਕਲਕਤਾ ਜੂਨੀਵਰਸਟੀ ਦੇ ਪ੍ਰੋ: ਵਾਇਸਚਾਂਸਲਰ ਰਹੇ ਹਨ। ਅਜ ਕਲ ਯਾਦਵਪੁਰ ਯੂਨੀਵਰਸਟੀ ਵਿਚ ਸਿਖ ਇਤਿਹਾਸ ਤੇ ਕਲਚਰ ਦੇ ਪ੍ਰੋਫੈਸਰ ਹਨ। ਇਸ ਪੁਸਤਕ ਨੂੰ ਪੜ੍ਹ ਕੇ ਉਹ ਲਿਖਦੇ ਹਨ।

I had heard of Bhai Sahib Randhir Singh in connection with the history of the revolutionary movement, but I never knew that he was a God-intoxicated man. The book cast a spell on me. I read it continuously for two days and shall read it again. It shows how Sikhism remains a living and active religous force even in the 20th century. A community which can produce such a man can give our country and the world new values and ideals."

**(Dr. A. C. Banerjee)**
Jadavpur University
Calcutta

| | |
|---|---|
| Excellent get up | Price Rs. 20 |
| Demy Octave | Shillings. 35 |
| 448 + 70 Pages | Dollars. 5 |

Reasonable discount will be given to Book sellers

**BHAI SAHIB RANDHIR SINGH PUBLISHING HOUSE**
126 MODEL TOWN, LUDHIANA—2
PUNJAB (India)



www.AKJ.Org

# ਗੁਰਮਤ ਅਤੇ ਸਦਾਚਾਰ

ਵਲੋਂ : ਬੀਬੀ ਕੁਲਦੀਪ ਕੌਰ ਜੀ, ਐਮ. ਏ.

ਗੁਰੂ ਨਾਨਕ ਦੇਵ ਜੀ ਨੇ ਸੱਚ - ਅਨੁਭਵ ਦੇ ਆਧਾਰ ਤੇ ਗੁਰਮਤ ਦਰਸਨ ਨੂੰ ਹੋਂਦ ਵਿਚ ਲਿਆਂਦਾ । ਇਸ ਦਰਸਨ ਨੂੰ ਦਰਸਾਉਣ ਵਾਲੇ ਮਹਾਨ ਗ੍ਰੰਥ ਨੂੰ ਸਾਧਾਰਣ ਗ੍ਰੰਥ ਦੀ ਥਾਂ ਗੁਰੂ ਗ੍ਰੰਥ ਸਾਹਿਬ ਕਹਿ ਕੇ ਕੇਵਲ ਸਨਮਾਨਿਆ ਤੇ ਸਤਿਕਾਰਿਆ ਹੀ ਨਹੀਂ ਜਾਂਦਾ ਸਗੋਂ ਪਰਗਟ ਗੁਰਾਂ ਦੀ ਦੇਹ ਮੰਨਿਆ ਜਾਂਦਾ ਹੈ । ਇਸ ਮਹਾਨ ਗ੍ਰੰਥ ਵਿਚ ਕਥਨੀ ਤੇ ਕਰਨੀ ਵਿਚ ਇਕਸੁਰ ਹੋਏ ਮਹਾਨ ਅਧਿਆਤਮਕ ਸਤਿਪੁ-ਰਸ਼ਾਂ ਦੀ ਸੱਚੀ ਬਾਣੀ ਦਰਜ ਹੈ । ਇਸ ਸੱਚੀ ਬਾਣੀ ਤੇ ਆਧਾਰਿਤ ਸਿੱਖ ਧਰਮ ਦੇ ਨੁਆਈਆਂ ਨੂੰ ਸੱਚ ਦੀ ਸੋਝੀ ਕਰਾਉਣਾ ਗੁਰਮਤ ਦਰਸ਼ਨ ਦਾ ਮੁਖ ਮਨੋਰਥ ਹੈ ਅਤੇ ਇਸ ਨੂੰ ਮਨੁੱਖਾ ਜੀਵਨ ਦਾ ਪਰਮ ਧਰਮ ਮੰਨਿਆ ਗਿਆ ਹੈ । ਸੱਚ - ਸਿੱਧਾਂਤ ਇਸ ਗੱਲ ਦਾ ਸੂਚਕ ਹੈ ਕਿ ਸਿੱਖ ਧਰਮ ਵਿਚ ਅਰਥਾਤ ਗੁਰਮਤ ਦਰਸ਼ਨ ਅਨੁਸਾਰ ਸਦਾਚਾਰਕ ਉੱਚਤਾ ਨੂੰ ਪ੍ਰਮੁਖ ਸਥਾਨ ਪ੍ਰਾਪਤ ਹੈ । "ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰ" ਕਹਿ ਕੇ ਗੁਰੂ ਸਾਹਿਬ ਨੇ ਸੱਚੁ ਆਚਾਰ ਦੀ ਮਹਾਨਤਾ ਨੂੰ ਬੜੇ ਸਰਲ ਤੇ ਸਪਸ਼ਟ ਢੰਗ ਨਾਲ ਦਰਸਾ ਦਿਤਾ ਹੈ । ਸਚੁ ਸਰੂਪ ਪਰਮ-ਆਤਮਾ ਨਾਲ ਅਭੇਦਤਾ ਪ੍ਰਾਪਤ ਕਰਨ ਵਾਸਤੇ ਜੀਵ ਲਈ ਸੱਚ-ਮਾਰਗ ਦਾ ਪਾਂਧੀ ਬਣਨਾ ਜ਼ਰੂਰੀ ਹੈ ਅਤੇ ਇਸ ਮਾਰਗ-ਯਾਤ੍ਰਾ ਦਾ ਆਰੰਭ 'ਸਚੁ ਆਚਾਰ' ਤੋਂ ਹੀ ਹੁੰਦਾ ਹੈ, ਵਿਕਾਰਾਂ ਦਾ ਮੂਲ ਸ੍ਰੋਤ ਮਨ ਹੈ ਜੋ ਮਨੁਖ ਨੂੰ ਸਦਾਚਾਰ ਤੋਂ ਦੂਰ ਲਿਜਾਂਦਾ ਹੈ । ਮਨ ਤੋਂ ਪਾਪਾਂ ਤੇ ਵਿਕਾਰਾਂ ਦੀ ਮੈਲ ਧੋਣ ਵਾਸਤੇ ਨਾਮ ਰੂਪੀ ਸਰੋਵਰ ਵਿਚ ਟੁੱਬੀਆ ਲਾਉਣ ਦੀ ਅਤਿਅੰਤ ਲੋੜ ਹੁੰਦੀ ਹੈ :

ਭਰੀਐ ਮਤਿ ਪਾਪਾਂ ਕੈ ਸੰਗਿ ।
ਓਹੁ ਧੋਪੈ ਨਾਵੈ ਕੈ ਰੰਗਿ ।



www.AKJ.Org

ਸਦਾਚਾਰਕ ਜੀਵਨ ਦਾ ਆਧਾਰ ਆਤਮਿਕ ਅਨੁਭਵ ਹੈ ਅਤੇ ਆਤਮਿਕ ਅਨੁਭਵ ਤੋਂ ਸੱਖਣਾ ਵਿਅਕਤੀ ਸਦਾਚਾਰਕ ਪੱਖ ਤੋਂ ਉਚ ਪੱਧਰ ਵਾਲਾ ਨਹੀਂ ਹੋ ਸਕਦਾ। ਗੁਰਬਾਣੀ ਵਿੱਚ ਗੁਰਮੁਖ ਅਤੇ ਮਨਮੁਖ ਦੋ ਪ੍ਰਕਾਰ ਦੇ ਵਿਅਕਤੀਆਂ ਦਾ ਵਰਣਨ ਵਿਸ਼ੇਸ਼ ਰੂਪ ਵਿਚ ਕੀਤਾ ਗਿਆ ਮਿਲਦਾ ਹੈ। ਇਹ ਵੰਡ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਨਹੀਂ ਕੀਤੀ ਗਈ ਸਗੋਂ ਜੀਵਨ ਦੇ ਬਹੁ-ਪੱਖੀ ਸਰੂਪ ਦੇ ਆਧਾਰ ਤੇ ਹੀ ਗੁਰਮੁਖ ਅਤੇ ਮਨਮੁਖ ਦੇ ਲੱਛਣ ਦਰਸਾਏ ਗਏ ਹਨ। ਗੁਰਮੁਖ ਉਹ ਹੈ ਜੋ ਗੁਰੂ ਦੀ ਸਿਖਿਆ ਪ੍ਰਾਪਤ ਕਰਕੇ ਸਰਬ-ਸ਼ਕਤੀ ਮਾਨ ਪਰਮਾਤਮਾ ਦੀ ਹੋਂਦ ਵਿਚ ਕੇਵਲ ਵਿਸ਼ਵਾਸ਼ ਹੀ ਨਹੀਂ...... ਰੱਖਦਾ ਸਗੋਂ ਗੁਰੂ ਦੇ ਦੱਸੇ ਰਾਹ ਤੇ ਚੱਲ ਕੇ ਉਸ ਨਾਲ ਅਭੇਦਤਾ ਪ੍ਰਾਪਤ ਕਰਨ ਦੇ ਯਤਨ ਵੀ ਕਰਦਾ ਹੈ। ਸੰਸਾਰਕ ਜੀਵਨ ਬਿਤਾਉਂਦਿਆਂ ਹੋਇਆਂ ਉਹ ਜੈਸੇ ਜਲ ਮਹਿ ਕਮਲ ਨਿਰਾਲਮ, ਮੁਰਗਾਈ ਨੈਸਾਣੇ ਦੇ ਸਿਧਾਂਤ ਨੂੰ ਸਾਮਣੇ ਰੱਖ ਕੇ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਦਾ ਹੈ। ਉਸਦੀ ਕਥਨੀ ਤੇ ਕਰਨੀ ਵਿੱਚ ਭਿੰਨਤਾ ਨਹੀਂ ਹੁੰਦੀ। ਭਲੇ ਬੁਰੇ ਤੇ ਸੱਚ ਝੂਠ ਦੀ ਪਰਖ ਕਰਕੇ ਉਹ ਬੁਰਾਈਆਂ ਦੇ ਬੰਧਨ ਤੋਂ ਛੁਟਕਾਰਾ ਪਾ ਲੈਂਦਾ ਹੈ। ਇਸਦੇ ਉਲਟ ਮਨਮੁਖ ਉਹ ਹੈ ਜੋ 'ਗੁਰ ਬਿਨੁ ਘੋਰ ਅੰਧਾਰ' ਵਿਚ ਫਸਿਆ ਰਹਿੰਦਾ ਹੈ ਅਤੇ ਅੰਧ-ਵਿਸਵਾਸ਼ ਦੇ ਕਾਰਣ ਉਸਨੂੰ ਸਹੀ ਮਾਰਗ ਦੀ ਸੋਝੀ ਨਹੀਂ ਹੁੰਦੀ। ਉਹ ਆਪਣੇ ਸੀਮਿਤ ਆਪੇ ਦੇ ਅਨੁਭਵ ਤੋਂ ਉਚਾ ਨਹੀਂ ਉਠ ਸਕਦਾ, ਇਸੇ ਲਈ ਉਸਦਾ ਦ੍ਰਿਸ਼ਟੀ ਕੋਣ ਬੜਾ ਸੌੜਾ ਤੇ ਤੰਗ ਵਲਗਣ ਵਿੱਚ ਘਿਰਿਆ ਹੁੰਦਾ ਹੈ। ਉਸਦੀਆਂ ਰੁਚੀਆਂ ਦਾ ਕੇਂਦਰ ਕੇਵਲ ਉਸਦਾ ਆਪਣਾ ਨਿਜੀ ਜੀਵਨ ਹੀ ਹੁੰਦਾ ਹੈ, ਸਵੈ ਕੇਂਦ੍ਰਿਤ ਹੋਣ ਕਰਕੇ 'ਪਰ' ਤੱਕ ਉਸਦੀ ਨਜ਼ਰ ਹੀ ਨਹੀਂ ਜਾਂਦੀ। ਇਸੇ ਲਈ ਉਹ ਸੁਆਰਥੀ, ਧੋਖੇ ਬਾਜ਼, ਪਾਖੰਡੀ. ਕ੍ਰਿਤਘਣ ਹਉਮੈ ਵਿਚ ਗ੍ਰਸਿਆ ਹੁੰਦਾ ਹੈ। ਅਜੇਹੇ ਵਿਅਕਤੀ ਕੋਲੋਂ ਸ਼ੁਭ ਕਰਮਾਂ ਦੀ ਆਸ ਰੱਖਣੀ ਵਿਅਰਥ ਹੈ। ਇਸ ਪ੍ਰਕਾਰ ਦੇ ਮਨਮੁਖ ਨੂੰ ਸਹੀ ਮਾਰਗ ਦੀ ਸੋਝੀ ਉਸ ਸਮੇਂ ਹੀ ਹੋ ਸਕਦੀ ਹੈ ਜਦੋਂ ਉਹ ਗੁਰੂ ਦੀ ਸ਼ਰਨ ਵਿਚ ਆ ਕੇ ਆਪਾ ਸਮਰਪਣ ਕਰੇ। ਇਸਤਰ੍ਹਾਂ ਸਿੱਖ ਧਰਮ ਦੇ ਬੁਨਿਆਦੀ ਸਿੱਧਾਂਤ ਅਨੁਸਾਰ ਸਦਾਚਾਰਕ ਜੀਵਨ ਤੇ ਆਤਮਿਕ ਅਨੁਭਵ ਦਾ ਪਾਰਸਪਰਿਕ ਸੰਬੰਧ ਹੈ। ਸਦਾਚਾਰਕ ਉੱਚਤਾ ਬਿਨਾ ਆਤਮਿਕ ਅਨੁਭਵ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਆਤਮਿਕ ਅਨੁਭਵ ਦੀ ਅਣਹੋਂਦ ਵਿਚ ਜੀਵ ਸਦਾਚਾਰ ਦੇ ਪੱਖ ਤੋਂ ਨੀਵਾਂ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਦੇ ਸਦਾਚਾਰਕ ਸਿਧਾਂਤ ਭਾਰਤੀ ਪਰੰਪਰਾ ਦੇ ਅਨੁਕਲ ਹੁੰਦਿਆਂ ਵੀ ਵਿਸ਼ੇਸ਼ ਵਿੱਲਖਣਤਾ ਰੱਖਦੇ ਹਨ। ਤਿਆਗ ਤੇ ਵੈਰਾਗ ਦੀ ਰੁਚੀ ਉਸੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ ਸਗੋਂ ਗ੍ਰਿਹਸਥ ਧਰਮ ਦੇ ਵਿਸ਼ਿਸ਼ਤਾ ਦਰਸਾ ਕੇ 'ਜੀਵਨ-ਅਖਾੜੇ' ਵਿਚ ਘੋਲ ਕਰਨ ਦੀ ਪ੍ਰੇਰਣਾ ਹੈ। ਮਨੁਖ ਪਹਿਲਵਾਨ ਹੈ ਜਿਸਨੇ ਗੁਰੂ ਤੋਂ ਥਾਪੀ ਲੈ ਕੇ ਪੰਜਾਂ ਮਹਾਂ ਬਲੀਆਂ ਦਾ ਟਾਕਰਾ ਕਰਦਿਆਂ ਹੋਇਆਂ ਵਿਜਈ ਹੋ ਕੇ ਘਰ ਵਾਪਿਸ ਪਰਤਨਾ ਹੈ। ਸਿੱਖ ਦੇ ਇਖ਼ਲਾਕ ਦਾ ਆਧਾਰ ਮੁਕਤੀ ਦਾ ਸਿੱਧਾਂਤ ਨਹੀਂ



www.AKJ.Org

ਸਗੋਂ ਚੰਗੇ ਜੀਵਨ ਦਾ ਸਿਧਾਂਤ ਹੈ। ਜੇ ਸਿੱਖ ਦੇ ਇਖ਼ਲਾਕੀ ਗੁਣ ਸਵੈ ਦੀ ਮੁਕਤੀ ਦੇ ਸਾਧਨ ਬਣਕੇ ਹੀ ਰਹਿ ਜਾਂਦੇ ਹਨ ਤਾਂ ਇਨ੍ਹਾਂ ਗੁਣਾਂ ਦਾ ਕੋਈ ਲਾਭ ਨਹੀਂ। ਇਸੇ ਲਈ ਗੁਰਮਤ ਦਰਸ਼ਨ ਅਪਸਾਰਵਾਦ ਤੇ ਜ਼ੋਰ ਨਹੀਂ ਦੇਂਦਾ ਸਗੋਂ ਦੱਸਦਾ ਹੈ ਕਿ 'ਹਸੰਦਿਆਂ, ਖੇਡੰਦਿਆਂ ?, ਖਾਵੰਦਿਆਂ, ਪੈਨੰਦਿਆਂ ਵਿਚੇ ਹੋਵਹਿ ਮੁਕਤਿ !" ਸਿੱਖ ਨੇ ਤਾਂ ਜੀਵਨ ਮੁਕਤਿ ਹੋਣਾ ਹੈ ਅਤੇ 'ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਾਰੀਆ।"

ਇਸ ਅਵਸਥਾ ਦੀ ਪ੍ਰਾਪਤੀ ਲਈ ਸੰਸਾਰ ਵਿਚ ਰਹਿੰਦਿਆਂ ਹੋਇਆਂ। ਸਾਰੇ ਕਾਰ ਵਿਹਾਰ ਕਰਦਿਆਂ ਸਮਾਜਕ ਤੇ ਪਰਮਾਰਥਕ ਕਾਰਜਾਂ ਦੀ ਪਵਿੱਤਰਤਾ ਨੂੰ ਕਾਇਮ ਰਖਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਜੋ ਸਦਾਚਾਰਕ ਨੇਮ ਦੱਸੇ ਗਏ ਹਨ ਉਨਾਂ ਨੂੰ ਦੋ ਸ੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਕੁਝ ਨੇਮ ਅਜੇਹੇ ਹਨ ਜਿਨ੍ਹਾਂ ਨੂੰ ਅਸੀਂ ਨਕਾਰਾਤਮਕ ਸਰੂਪ ਦੇ ਨੇਮ ਕਹਿ ਸਕਦੇ ਹਾਂ ਇਹ ਨਿਯਮ ਕੁਝ ਅਜੇਹੇ ਕੰਮਾਂ ਤੇ ਬੁਰਾਈਆਂ ਨਾਲ ਸੰਬੰਧਿਤ ਹਨ ਜਿਨਾਂ ਨੂੰ ਕਰਨ ਤੋਂ ਵਰਜਿਆ ਜਾਂ ਜਿਨਾਂ ਤੋਂ ਅਪਨੇ ਆਪ ਨੂੰ ਬਚਾ ਕੇ ਰੱਖਣ ਲਈ ਆਖਿਆ ਗਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਨੈਤਿਕ ਬੁਰਾਈਆਂ ਹਨ ਜੋ ਮਨੁਖ ਦੇ ਸੰਸਾਰਕ ਤੇ ਪਰਮਾਰਥਕ ਕੰਮਾਂ ਵਿਚ ਰੋੜਾ ਅਟਕਾਉਂਦੀਆਂ ਹਨ। ਜਿਥੇ ਇਹ ਸਮਾਜਕ ਪੱਖ ਤੋਂ ਹਾਨੀਕਾਤਕ ਹਨ, ਉਥੇ ਇਹ ਅਧਿਆਤਮਕ ਮਾਰਗ ਵਿਚ ਵੀ ਰੋਕ ਸਿੱਧ ਹੁੰਦੀਆਂ ਹਨ। ਮਨੁਖ ਦੀ ਸਰੀਰਕ ਰਚਨਾ ਵਿਚੋਂ ਹੀ ਇਨਾਂ ਦਾ ਜਨਮ ਹੁੰਦਾ ਹੈ, ਕਾਮ, ਜੋ ਇਨ੍ਹਾਂ ਵਿਚੋਂ ਸਭ ਤੋਂ ਪ੍ਰਬਲ ਸ਼ਕਤੀ ਹੈ, ਸਾਧਾਰਣ ਅਰਥਾਂ ਵਿਚ ਮਨੁਖ ਦੀ ਇੱਛਾ ਸ਼ਕਤੀ ਦਾ ਹੀ ਦੂਸਰਾ ਨਾਮ ਹੈ, ਪਰੰਤੂ ਵਿਸ਼ੇਸ਼ ਅਰਥਾਂ ਵਿਚ ਇਸਦਾ ਭਾਵ ਹੈ 'ਲਿੰਗ-ਕਾਮਨਾ' ਕਾਮ-ਗ੍ਰਸਤ ਮਨੁਖ ਅੰਨਾ ਹੋ ਜਾਂਦਾ ਹੈ ਅਤੇ ਚੰਗੇ ਮੰਦੇ ਦੀ ਪਰਖ ਨਹੀਂ ਕਰ ਸਕਦਾ। ਇਸ ਨਾਲ ਪ੍ਰਾਪਤ ਹੋਈ ਤ੍ਰਿਪਤੀ ਅਲਪ ਕਾਲੀ ਹੁੰਦੀ ਹੈ ਅਤੇ ਮਨੁਖ ਨੂੰ ਨਿਰਬਲ ਬਣਾ ਕੇ ਅਤ੍ਰਿਪਤ ਅਵਸਥਾ ਵਿਚ ਹੀ ਛੱਡ ਜਾਂਦੀ ਹੈ। ਅਜੇਹੇ ਵੈਰੀ ਨੂੰ ਤਾਂ ਤਿਆਗਣਾ ਹੀ ਠੀਕ ਹੈ ਪਰ ਗੁਰਮਤ ਅਨੁਸਾਰ ਤਿਆਗ ਨਹੀਂ ਸਗੋਂ ਸੰਜਮ ਦੀ ਲੋੜ ਦੱਸੀ ਗਈ ਹੈ। ਇਕ ਸੁਭਾਵਕ ਤੇ ਮੁੱਢਲੀ ਪ੍ਰਵਿਰਤੀ ਦਾ ਤਿਆਗ ਕਿਸੇ ਵਿਅਕਤੀ ਵਿਸ਼ੇਸ਼ ਕੋਲੋਂ ਤਾਂ ਭਾਵੇਂ ਸੰਭਵ ਹੋਵੇ ਪਰ ਇਹ ਸੀਮਿਤ ਸ਼ਕਤੀ ਵਾਲੇ ਸਾਧਾਰਣ ਮਨੁਖ ਦੇ ਵੱਸ ਦਾ ਰੋਗ ਨਹੀਂ। ਇਸੇ ਲਈ ਜੀਵ ਨੂੰ ਵਿਆਹ ਕਰਾ ਕੇ ਘਰਬਾਰੀ ਜੀਵਨ ਬਿਤਾਉਣ ਦਾ ਉਪਦੇਸ਼ ਹੈ ਪਰ ਨਾਲ ਹੀ 'ਏਕਾ ਨਾਰੀ ਜਤੀ ਹੋਇ' ਦੇ ਸਿੱਧਾਂਤ ਨੂੰ ਅਪਨਾਉਣ ਦੀ ਵੀ ਹਦਾਇਤ ਕੀਤੀ ਗਈ ਹੈ।

ਕ੍ਰੋਧ ਦੂਸਰਾ ਪ੍ਰਬਲ ਵਿਸ਼ਾ ਹੈ ਜੋ ਮਨੁਖ ਦੇ ਅੰਦਰ ਬਾਹਰਲੀ ਸਥਿਤੀ ਦੇ ਅਸਰ ਨਾਲ ਵੀ ਉਪਜਦਾ ਹੈ ਅਤੇ ਮਾਨਸਿਕ ਅਵਸਥਾ ਉਤੇ ਵੀ ਇਸਦਾ ਨਿਰਭਰ ਹੁੰਦਾ ਹੈ। ਕ੍ਰੋਧ ਕ੍ਰੋਧੀ ਲਈ ਵੀ ਹਾਨੀਕਾਰਕ ਹੈ ਅਤੇ ਜਿਸ ਉਤੇ ਕ੍ਰੋਧ ਕੀਤਾ ਜਾਂਦਾ ਹੈ ਉਹ ਵੀ ਇਸਦੇ ਭਿਆਨਕ ਅਸਰਾਂ ਤੋਂ ਬਚ ਨਹੀਂ ਸਕਦਾ। ਇਸਤੋਂ ਪ੍ਰਾਪਤ



www.AKJ.Org

ਹੋਣ ਵਾਲੇ ਨੁਕਸਾਨ ਦਾ ਘੇਰਾ ਵਿਅਕਤੀ ਤਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਸਮੁਚੇ ਤੌਰ ਤੇ ਸਮਾਜ ਨੂੰ ਇਸਦਾ ਨੁਕਸਾਨ ਪਹੁੰਚਦਾ ਹੈ। ਇਹ ਘ੍ਰਿਣਾ ਉਪਜਾ ਕੇ ਮਨ ਦੀ ਸ਼ਾਂਤੀ ਤੇ ਸੰਤੁਲਨ ਨੂੰ ਨਸ਼ਟ ਕਰ ਦੇਂਦਾ ਹੈ ਜਿਸ ਨਾਲ ਸਰੀਰ ਦੀ ਸ਼ਕਤੀ ਵੀ ਨਸ਼ਟ ਹੋਣੀ ਸ਼ੁਰੂ ਹੋ ਜਾਂਦੀ ਹੈ।

ਕਾਮ ਕ੍ਰੋਧ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ।

ਪਰਾਏ ਧਨ ਉਤੇ ਕਬਜ਼ਾ ਕਰਨ ਦੀ ਇੱਛਾ ਨੂੰ ਲੋਭ ਆਖਿਆ ਜਾਂਦਾ ਹੈ। ਲੋਭੀ ਕੇਵਲ ਪੈਸੇ ਦਾ ਮਿੱਤਰ ਹੁੰਦਾ ਹੈ। ਸਥਾਈ ਕੀਮਤਾਂ ਵੱਲ ਕਦੇ ਵੀ ਉਸਦਾ ਧਿਆਨ ਨਹੀਂ ਜਾਂਦਾ। ਪਰਿਵਾਰ ਅਤੇ ਸਮਾਜ ਦੇ ਹਿਤ ਤੋਂ ਸੱਖਣਾ ਲੋਭੀ ਵਿਅਕਤੀ ਕਦੇ ਵੀ ਕਿਸੇ ਦਾ ਵਫ਼ਾਦਾਰ ਨਹੀਂ ਹੁੰਦਾ, ਕੇਵਲ ਆਪਣੇ ਆਪ ਦਾ ਹੀ ਖਿਆਲ ਰਖਦਾ ਹੈ। ਅਜੇਹੇ ਵਿਅਕਤੀ ਦੀ ਅਵਸਥਾ ਦਾ ਬਿਆਨ ਇਸ ਤਰ੍ਹਾਂ ਕੀਤਾ ਗਿਆ ਹੈ :

ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋਭਾਨੁ।
ਸ਼ਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ।

ਜਿਨ੍ਹਾਂ ਵਸਤਾਂ ਨਾਲ ਮਨੁਖ ਦਾ ਵਾਹ ਪੈਂਦਾ ਹੈ ਉਹ ਉਨਾਂ ਨਾਲ ਹੀ ਜੁੜਿਆ ਰਹਿੰਦਾ ਹੈ। ਇਨ੍ਹਾ ਸੰਬੰਧਾਂ ਨੂੰ ਅਤੁਟ ਸੰਬੰਧ ਸਮਝ ਕੇ ਜੀਵ ਇਨ੍ਹਾਂ ਦੇ ਮੋਹ ਵਿਚ ਇਸਤਰਾਂ ਫਸ ਜਾਂਦਾ ਹੈ ਕਿ ਇੰਨ੍ਹਾਂ ਤੋਂ ਵਿਛੋੜਾ ਉਸਨੂੰ ਅਸਹਿ ਜਾਪਦਾ ਹੈ। ਇਹ ਮੋਹ ਅਗਿਆਨ ਤੋਂ ਉਪਜਦਾ ਹੈ ਅਤੇ ਮਨੁਖ ਨੂੰ ਦੁਖ ਦੇਣ ਦਾ ਕਾਰਣ ਬਣਦਾ ਹੈ, ਕਿਉਂ ਕਿ ਜੋ ਨਾਸ਼ਵਾਨ ਹੈ ਉਸਦਾ ਪਿਆਰ ਸ਼ਾਂਤੀ ਪ੍ਰਦਾਨ ਨਹੀਂ ਕਰ ਸਕਦਾ।

ਧਨ, ਸੁੰਦ੍ਰਤਾ, ਸ਼ਕਤੀ ਆਦਿ ਅਹੰਕਾਰ ਨੂੰ ਜਨਮ ਦੇਣ ਵਾਲੇ ਸਾਮਾਨ ਹਨ। ਕਈ ਵਾਰੀ ਧਰਮ ਵਿਚ ਪਰਿਪੱਕਤਾ ਅਤੇ ਦਾਨ ਦੇਣ ਦੀ ਰੁਚੀ ਦੇ ਕਾਰਨ ਵੀ ਮਨੁਖ ਅਹੰਕਾਰੀ ਹੋ ਜਾਂਦਾ ਹੈ। ਹਉਮੈ ਮਨੁਖ ਨੂੰ ਅੰਨ੍ਹਾ ਕਰ ਦੇਂਦੀ ਹੈ. ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਡਾ ਮੰਨ ਕੇ ਕਿਸੇ ਅੱਡਰੀ ਦੁਨੀਆਂ ਦਾ ਵਾਸੀ ਬਣ ਬਹਿੰਦਾ ਹੈ, ਜਿਸ ਕਾਰਣ ਉਸਨੂੰ ਆਨਦ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਦੁਖਾਂ ਦਾ ਅਨੁਭਵ ਹੁੰਦਾ ਹੈ। ਅਧਿਆ-ਤਮਕ ਪੱਖ ਤੋਂ ਤਾਂ ਇਹ ਅਤਿਅੰਤ ਹਾਨੀਕਾਰਕ ਹੈ ਕਿਉਂਕਿ ਹਉਮੈ ਨਾਵੈ ਨਾਲ ਵਿਰੋਧ ਹੈ,

ਹਉਮੈ ਕਰਤ ਭੇਖੀ ਨਹੀ ਜਾਨਿਆ।
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ।
ਹਉ ਹਉ ਕਰਤ ਨਹੀ ਸਚੁ ਪਾਈਐ।
ਹਉਮੈ ਜਾਇ ਪਰਮ ਪਦੁ ਪਾਈਐ।

ਉਪਰੋਕਤ ਪੰਜ ਵਿਸ਼ੇ ਇੰਨੇ ਬਲਵਾਨ ਹਨ ਕਿ ਮਨੁਖ ਇਨਾਂ ਤੋਂ ਬਚਣ ਦਾ ਯਤਨ ਕਰਦਾ ਹੋਇਆ



www.AKJ.Org

ਵੀ ਇਨ੍ਹਾਂ ਦੇ ਚਿਕੱੜ ਵਿਚ ਖੁਭਿਆ ਰਹਿੰਦਾ ਹੈ।

ਅਵਰਿ ਪੰਚ ਹਮ ਏਕ ਜਨਾ।
ਕਿਉ ਰਾਖਉ ਘਰ ਬਾਰੁ ਮਨਾ।
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ।

ਇਨ੍ਹਾਂ ਪੰਜ ਡਾਕੂਆਂ ਤੋਂ ਆਪਣਾ ਆਪ ਬਚਾਉਣ ਲਈ ਮਨ ਨੂੰ ਮਾਰਨਾ ਬੜਾ ਜ਼ਰੂਰੀ ਹੈ, ਪਰ ਮਨ ਕਿਵੇਂ ਮਾਰਿਆ ਜਾਵੇ ? ਗੁਰੂ ਦੇ ਹੁਕਮ ਨੂੰ ਹਿਰਦੇ ਵਿਚ ਵਸਾ ਕੇ ਅਤੇ ਉਸ ਨਾਲ ਇਕਰੂਪਤਾ ਪ੍ਰਾਪਤ ਕਰਕੇ।

ਨਾ ਮਨੁ ਮਰੈ ਨ ਕਾਰਜੁ ਹੋਇ।
ਮਨੁ ਵਸਿ ਦੂਤਾ ਦੁਰਮਤਿ ਹੋਇ।
ਇਸੇ ਲਈ ਜੋਗੀਆਂ ਨੂੰ ਵੀ ਉਪਦੇਸ਼ ਦਿਤਾ ਗਿਆ ਹੈ :
ਮੁੰਦ੍ਰਾ ਤੇ ਘਟਿ ਭੀਤਰਿ ਮੁੰਦ੍ਰਾ ਕਾਇਆ ਕੀਜੈ ਖਿੰਥਾ ਤਾ।
ਪੰਚ ਚੇਲੇ ਵਸਿ ਕੀਜਹਿ ਰਾਵਲ, ਇਹੁ ਮਨੁ ਕੀਜੈ ਡੰਡਾ ਤਾ।
ਜੋਗ ਜੁਗਤਿ ਇਵ ਪਾਵਸਿਤਾ।
ਏਕੁ ਸਬਦੁ ਦੂਜਾ ਹੋਰੁ ਨਾਸਤਿ, ਕੰਦ ਮੂਲਿ ਮਨੁ ਲਾਵਸਿਤਾ।

ਪੰਜ ਵਿਸ਼ਿਆਂ ਉਤੇ ਕਾਬੂ ਪਾਉਣ ਤੋਂ ਛੁਟ ਗੁਰਮਤਿ ਦਰਸ਼ਨ ਅਨੁਸਾਰ ਕੁੱਝ ਹੋਰ ਕਰਮ ਵੀ ਅਜੇਹੇ ਦੱਸੇ ਗਏ ਹਨ ਜਿਨ੍ਹਾਂ ਤੋਂ ਬਚਕੇ ਰਹਿਣਾ ਸਿੱਖ ਲਈ ਜ਼ਰੂਰੀ ਹੈ ਜਿਵੇਂ : ਚੋਰੀ, ਠੱਗੀ, ਝੂਠ ਬੋਲਣਾ, ਧੋਖਾ ਦੇਣਾ, ਪਾਖੰਡ ਕਰਨਾ, ਪਰਾਇਆ ਹੱਕ ਖੋਹਣਾ, ਜਾਤ ਪਾਤ ਦੇ ਵਿਤਕਰਿਆਂ ਵਿਚ ਫਸਣਾ ਆਦਿ। ਚੋਰੀ,ਠੱਗੀ,ਧੋਖੇ ਤੇ ਜ਼ੁਲਮ ਦੀ ਸਹਾਇਤਾ ਨਾਲ ਪਰਾਇਆ ਹਕ ਖੋਹਣ ਤੋਂ ਵਰਜਦਿਆਂ ਹੋਇਆਂ ਦੱਸਿਆ ਹੈ।

ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਚੋਰ ਦੀ ਚੋਰੀ ਤਾਂ ਕਿਸੇ ਤਰ੍ਹਾਂ ਵੀ ਨਹੀਂ ਲੁੱਕ ਸਕਦੀ।
ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ,
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।

ਗੁਰਮਤਿ ਅਨੁਸਾਰ ਸਾਰੇ ਮਨੁਖ ਇਕ ਸਮਾਨ ਹਨ। ਜਾਤ ਜਨਮ ਅਨੁਸਾਰ ਕੋਈ ਉਚਾ ਨੀਵਾਂ ਨਹੀਂ। ਜਾਤ ਪਾਤ ਦੇ ਵਿਤਕਰਿਆਂ ਦੀ ਨਿਖੇਧੀ ਇਸ ਪ੍ਰਕਾਰ ਕੀਤੀ ਗਈ ਹੈ :



www.AKJ.Org

ਜਾਤੀ ਦੇ ਕਿਆ ਹਥਿ ਸਚੁ ਪਰਖੀਐ ।

ਫਕੜ ਜਾਤੀ ਫਕੜੁ ਨਾਉ ।

ਸਭਨਾ ਜੀਆ ਇਕਾ ਛਾਉ ।

ਆਪਹੁ ਜੇ ਕੋ ਭਲਾ ਕਹਾਏ ।

ਨਾਨਕ ਤਾਪਰੁ ਜਾਪੈ ਜਾ ਪਤਿ ਲੇਖੈ ਪਾਇ ।

ਇਸੇ ਤਰ੍ਹਾਂ ਲੋਭ, ਕੂੜ ਠੱਗੀ, ਨਿੰਦਾ ਆਦਿ ਤੋਂ ਦੂਰ ਰਹਿਣ ਲਈ ਹੁਕਮ ਹੈ ;

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ।

ਪਰ ਨਿੰਦਾ ਪਰਮਲ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲ ।

ਵਿਸ਼ਿਆਂ ਉਤੇ ਕਾਬੂ ਪਾਉਣਾ ਜਾਂ ਮੰਦ ਕਰਮਾਂ ਤੋਂ ਦੂਰ ਰਹਿਣਾ ਹੀ ਕਾਫੀ ਨਹੀਂ ਸਗੋਂ ਅਜੇਹੇ ਗੁਣ ਵੀ ਦੱਸੇ ਗਏ ਹਨ ਜਿਨ੍ਹਾਂ ਨੂੰ ਧਾਰਣ ਕੀਤੇ ਬਿਨਾ ਅਰਥ ਅਤੇ ਪਰਮਾਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ' ਸਿੱਖ ਧਰਮ ਦਾ ਮੂਲ ਸਿਧਾਂਤ ਹੈ ਜੋ ਸਮਾਜਵਾਦੀ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦਿਆਂ ਹੋਇਆਂ ਨਾਲ ਨਾਲ ਅਧਿਆਤਮ ਮਾਰਗ ਦੇ ਪਾਂਧੀ ਬਣਨ ਲਈ 'ਨਾਮ' ਦੇ ਮੂਲ ਸੰਕਲਪ ਨੂੰ ਵੀ ਦ੍ਰਿੜ ਕਰਾਉਂਦਾ ਹੈ । ਵਾਸਤਵ ਵਿਚ ਮੁੱਢਲਾ ਸਿਧਾਂਤ ਨਾਮ ਹੀ ਹੈ ਜੋ ਬਾਕੀ ਸਾਰੇ ਗੁਣਾਂ ਤੇ ਸ਼ੁਭ ਕੰਮਾਂ ਦਾ ਸੂਤ੍ਰ ਹੈ । ਸਿੱਖ ਨੇ ਗੁਣ ਧਾਰਨ ਕਰਨੇ ਹਨ ਅਤੇ ਅਉਗੁਣਾਂ ਨੂੰ ਤਿਆਗਣਾ ਹੈ, ਇਸੇ ਲਈ ਫੁਰਮਾਨ ਹੈ :

ਜੇ ਗੁਣ ਹੋਵਨਿ ਨਾਨਕਾ ਤਉ ਸਾਝ ਕਰੀਜੈ ।

ਸਾਝ ਕਰੀਜੈ ਗੁਣਾ ਕੇਰੀ ਛਾਡਿ ਅਵਗਣ ਚਲੀਐ ।

ਇਹ ਗੁਣ ਦਿਖਾਵੇ ਦੇ ਹੀ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਅੰਦਰਲੇ ਗੁਣਾਂ ਦਾ ਦਿਖਾਵਾ ਕਰਣ ਦੀ ਲੋੜ ਹੈ । ਇਸੇ ਲਈ ਬਾਹਰਲੇ ਭੇਖਾਂ ਨਾਲੋਂ ਕਰਨੀ ਉਤੇ ਬਹੁਤਾ ਜ਼ੋਰ ਦਿਤਾ ਗਿਆ ਹੈ :-

ਅਮਲੁ ਕਰਿ ਧਰਤੀ ਬੀਜੁ ਸਬਦੋ ਸਚ ਕੀ ਆਬ ਨਿਤ ਦੇਹਿ ਪਾਣੀ ।

ਹੋਇ ਕਿਰਸਾਨੁ ਈਮਾਨੁ ਜੰਮਾਇ ਲੈ, ਭਿਸਤੁ ਦੋਜਕੁ ਮੂੜੇ ਏਵ ਜਾਣੀ ।

ਜੋਗੀਆਂ ਨੂੰ ਬਾਹਰਲੇ ਭੇਖਾਂ ਤੋਂ ਵਰਜਦਿਆਂ ਅਤੇ ਆਂਤ੍ਰਿਕ ਗੁਣਾਂ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਲਿਖਿਆ ਹੈ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ।



www.AKJ.Org

ਜਗੁ ਨ ਮੁੰਦੀ ਮੂੰਡ ਮੁੰਡਾਇਐ ਜੋਗੁ ਨ ਸਿੰਙੀ ਵਾਈਐ ।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।

ਗਿਆਨ ਪ੍ਰਾਪਤ ਕਰਕੇ ਬਿਬੇਕ ਬੁਧੀ ਦਾ ਸਵਾਮੀ ਬਣਨਾ ਵੀ ਜ਼ਰੂਰੀ ਹੈ । ਬਾਹਰਲਾ ਪੁਸਤਕਾਂ ਦਾ ਗਿਆਨ ਹੀ ਅਸਲੀ ਗਿਆਨ ਨਹੀਂ ਸਗੋਂ ਸੱਚਾ ਗਿਆਨ ਮਨੁਖ ਨੂੰ ਆਪਣੇ ਅੰਦਰੋਂ ਮਿਲਦਾ ਹੈ ਅਤੇ ਉਸਦੀ ਪ੍ਰਾਪਤੀ ਗੁਰੂ ਦੀ ਸਿਖਿਆ ਦੁਆਰਾ ਹੀ ਹੁੰਦੀ ਹੈ ।

ਮਤ ਵਿਚ ਰਤਨ ਜਵਾਹਰ ਮਾਣਕ ਜੇ ਇਕ ਗੁਰ ਕੀ ਸਿੱਖ ਸੁਣੀ ।

ਮਨ ਨੀਵਾਂ ਮਤ ਉਚੀ ਰੱਖਣੀ ਸਰਬੱਤ ਦਾ ਭਲਾ ਕਰਨ ਦੇ ਇਛੁਕ ਹੋਣਾ : ਸੱਚਾਈ, ਨਿਆ ਤੇ ਸਹਿਨ ਸ਼ੀਲਤਾ ਆਦਿ ਗੁਣ ਧਾਰਣ ਕਰਕੇ : ਨਿਮ੍ਰਤਾ, ਸੰਤੋਖ ਵੈਰਾਗ ਆਦਿ ਗੁਣਾਂ ਨਾਲ ਆਪਣੇ ਆਪ ਨੂੰ ਅਲੰਕ੍ਰਿਤ ਕਰਨ ਦਾ ਉਪਦੇਸ਼ ਹੈ । ਅਜੇਹੇ ਗੁਣਾਂ ਨੂੰ ਧਾਰਣ ਕਰਕੇ ਗੁਣੀ ਹੋਣ ਦਾ ਮਾਨ ਕਰਨ ਤੋਂ ਰੋਕਿਆ ਗਿਆ ਹੈ, ਸਗੋਂ ਗੁਰਵਾਕ ਹੈ : ਗੁਣ ਕਹਿ ਗੁਣੀ ਸਮਾਵਣਿਆ ।

ਜੀਵ ਉਸ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ 'ਸੁਖ ਦੁਖ ਦੋਨੋ ਸਮ ਕਰਿ ਜਾਣਹਿ' ਤਾਂ ਹੀ ਬ੍ਰਹਮ ਗਿਆਨ ਨੂੰ ਪ੍ਰਾਪਤ ਹੋ ਸਕਦਾ ਹੈ ।

ਗੁਰਮਤ ਅਨੁਸਾਰ ਸਾਧਾਰਣ ਧਰਮ ਜਾਂ ਵਿਸ਼ੇਸ਼ ਧਰਮ ਦਾ ਕੋਈ ਵਖੇਵਾਂ ਨਹੀਂ । ਉਪਰੋਕਤ ਸਿਧਾਂਤ ਸਾਰੇ ਮਨੁਖਾਂ ਲਈ ਸਾਂਝੇ ਹਨ, ਜੋ ਨਿਜੀ ਵੀ ਹਨ ਅਤੇ ਸਮਾਜਕ ਵੀ । ਫਿਰ ਵੀ ਕੁਝ ਕਰਤਵ ਅਜੇਹੇ ਹਨ ਜਿਨ੍ਹਾਂ ਦੀ ਨਿਜੀ ਪੱਖ ਤੋਂ ਮਹਾਨਤਾ ਹੈ ! ਜਿਵੇਂ :

ਨਾਮ ਬਾਣੀ ਦਾ ਅਭਿਆਸ, ਮਨ ਨੀਵਾਂ ਮਤ ਉਚੀ ਰਖਣੀ, ਨੇਕ ਕਮਾਈ ਕਰਨੀ, ਨਿਸ਼ਕਾਮ ਸੇਵਾ ਵਿਚ ਲੀਨ ਹੋਣਾ, ਨਸ਼ਿਆਂ ਦੀ ਵਰਤੋਂ ਤੋਂ ਪਰਹੇਜ਼ : ਜੋ ਸਭ ਕੁਝ ਦੇਂਦਾ ਹੈ ਉਸ ਨਾਲ ਪ੍ਰੇਮ : ਨਿਸ਼ਕਾਮ ਅਤੇ ਨਿਰੰਤਰ ਪਿਆਰ ਜਿਸ ਵਿਚ ਸਭ ਕੁਝ ਪ੍ਰੀਤਮ ਤੋਂ ਨਿਛਾਵਰ ਹੋ ਜਾਵੇ । ਅਜੇਹਾ ਪ੍ਰੇਮ ਹੀ ਭਗਤੀ ਹੈ, ਪ੍ਰੇਮ ਤੋਂ ਸੱਖਣੀ ਭਗਤੀ ਨੂੰ ਸਵੀਕਾਰ ਨਹੀਂ ਕੀਤਾ ਗਿਆ । ਪਿਆਰ ਦਾ ਮੂਲ ਸ੍ਰੋਤ ਨਾਮ ਹੈ ਜੋ ਨਾਮੀ ਨਾਲ ਜੜ ਦੇਂਦਾ ਹੈ । ਖਾਲਸੇ ਲਈ ਨਿਯਤ ਕੀਤੀ ਰਹਿਤ ਮਰਯਾਦਾ ਵੀ ਨਿਜੀ ਕਰਤੱਵਾਂ ਵਿਚ ਹੀ ਸ਼ਾਮਿਲ ਕੀਤੀ ਜਾਂਦੀ ਹੈ ।

ਮਨੁੱਖ ਇਕ ਸਮਾਜਕ ਜੀਵ ਹੈ, ਇਸ ਲਈ ਨਿਜੀ ਤੇ ਸਮਾਜਕ ਨੈਤਿਕਤਾ ਨੂੰ ਪੂਰੀ ਤਰ੍ਹਾਂ ਨਿਖੇੜਿਆ ਨਹੀਂ ਜਾ ਸਕਦਾ । ਸਮਾਜ ਵਿਚ ਹੀ ਬੰਦੇ ਦੀ ਪਰਖ ਹੁੰਦੀ ਹੈ । ਸਮਾਜਕ ਪੱਖ ਤੋਂ ਸਿਖ ਨੂੰ ਸਮਾਜਕ ਸਮਾਨਤਾ ਬਰਾਬਰੀਅਤਾ, ਭਰਾਤਰੀਅਤਾ, ਸੁਤੰਤਰਤਾ, ਸਮਾਜ-ਸੇਵਾ ਆਦਿ ਵੱਲ ਵਿਸ਼ੇਸ਼ ਧਿਆਨ ਦੇਣ ਲਈ ਆਖਿਆ ਗਿਆ ਹੈ, ਬਲ ਅਤੇ ਸਾਹਸ ਪ੍ਰਾਪਤ ਕਰਕੇ ਨਾ ਕੇਵਲ ਆਪਣੇ ਹਿੱਤਾਂ ਦੀ ਰਖਿਆ ਹੀ ਕੀਤੀ ਜਾਵੇ ਸਗੋਂ ਸਮਾਜ ਅਤੇ ਵਿਸ਼ਵ ਦੇ ਹਿੱਤਾਂ ਵਲ ਵੀ ਪੂਰਾ ਧਿਆਨ ਦਿੱਤਾ ਜਾਵੇ ।



www.AKJ.Org

ਸਿੱਖ ਲਈ ਜਿੰਨੇ ਵੀ ਨਿਜੀ ਗੁਣ ਜ਼ਰੂਰੀ ਹਨ ਉਨ੍ਹਾਂ ਦੀ ਪ੍ਰਾਪਤੀ ਕਰਨ ਲਈ ਵੀ ਸਮਾਜਕ ਜੀਵਨ ਵਿਚ ਭਾਗਸ਼ੀਲ ਹੋਣਾ ਆਵਸ਼ਕ ਹੈ। ਮਿਲਕੇ ਕੀਰਤਨ ਕੀਤੀਆਂ ਪ੍ਰਭੂ ਨਾਲ ਲਿਵ ਜੋੜੀ ਜਾ ਸਕਦੀ ਹੈ, ਸੇਵਾ ਕਰਨੀ ਹੋਵੇ ਤਾਂ ਸਮਾਜ ਤੋਂ ਦੂਰ ਜਾ ਕੇ ਨਹੀਂ ਹੋ ਸਕਦੀ, ਸਗੋਂ ਸਮੂਹ ਦੀ ਸੇਵਾ ਸਮੂਹ ਨਾਲ ਮਿਲਕੇ ਕੀਤਿਆਂ ਹੀ ਲਾਭ ਪਹੁੰਚ ਸਕਦਾ ਹੈ। ਆਪਾ ਵਾਰਨ ਦਾ ਗੁਣ ਵਿਰਕਤ ਬਣ ਕੇ ਇਕਾਂਤ ਵਿਚ ਰਹਿੰਦਿਆਂ ਧਾਰਣ ਨਹੀਂ ਹੋ ਸਕਦਾ। ਗੱਲ ਕੀ ਗੁਰਮਤਿ ਅਨੁਸਾਰ ਇਕ ਸਦਾਚਾਰਕ ਵਿਅਕਤੀ ਨਿਜੀ ਅਤੇ ਸਮਾਜਕ ਗੁਣਾਂ ਦਾ ਧਾਰਣੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਦਰਸ਼ਕ ਮਨੁੱਖ ਅਤੇ ਆਦਰਸ਼ਕ ਸਮਾਜ ਦੀ ਸਿਰਜਨਾ ਦਾ ਕੰਮ ਆਰੰਭ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਹ ਮਹਾਨ ਮਿਸ਼ਨ ਸਿਖਰ ਤਕ ਪਹੁੰਚ ਚੁਕਿਆ ਸੀ ਜਿਸਨੂੰ ਸੰਪੂਰਣ ਰੂਪ ਦੇਣ ਲਈ ਭਿੰਨ ਭਿੰਨ ਜਾਤਾਂ ਦੇ ਫਿਰਕਿਆਂ ਦੇ ਵਿਅਕਤੀਆਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਖਾਲਸਾ ਸਾਜਿਆ ਗਿਆ। ਇਹ ਇਕ ਆਦਰਸ਼ਕ ਮਨੁੱਖੀ ਸਮਾਜ ਹੈ, ਸੁਆਰਥ ਰਹਿਤ ਸੰਤ-ਸਿਪਾਹੀਆ ਦਾ ਅਜੇਹਾ ਸੰਗਠਨ ਜੋ ਜਬਰ, ਜ਼ੁਲਮ, ਧੱਕੇ ਸ਼ਾਹੀ, ਅਧਰਮ, ਅਨਿਆਂ ਅਤੇ ਪਾਪ ਦੇ ਵਿਰੁੱਧ ਸੰਘਰਸ਼ ਕਰਦਾ ਹੈ। ਨਿਮਨ ਲਿਖਤ ਅਸੂਲ ਸਦਾ ਇਸਦੇ ਸਨਮੁਖ ਰਹਿੰਦਾ ਹੈ :

ਅਲਪ ਅਹਾਰ ਸੁਲਪਸੀ ਨਿੰਦਾ ਦਯਾ ਛਿਮਾ ਤਨ ਪ੍ਰੀਤ।
ਸੀਲ ਸੰਤੋਖ ਸਦਾ ਨਿਰਬਾਹਿਯੋ ਹੈਬੋ ਤ੍ਰਿਗੁਣ ਅਤੀਤ।
ਕਾਮ ਕ੍ਰੁਧ ਹੰਕਾਰ ਲੋਭ ਹਠ ਮੋਹ ਨਾ ਮਨ ਸਿਉ ਲਿਆਵੈ;
ਤਬ ਹੀ ਆਤਮ ਤਤੁ ਕੋ ਦਰਸੈ ਪਰਮ ਪੁਰਖ ਕਹਿ ਪਾਵੈ।

ਡਾ : ਤਾਰਨ ਸਿੰਘ ਜੀ ਦੇ ਸ਼ਬਦਾਂ ਵਿਚ ਖਾਲਸਾ ਏਕਤਾ, ਸਚਾਈ, ਰਚਨਾਤਮਕਤਾ, ਸਮਾਨਤਾ, ਸੁੰਦਰਤਾ, ਸੁਤੰਤ੍ਰਤਾ, ਤੇ ਸਭਿਆਚਾਰ ਦਾ ਪ੍ਰਤੀਕ ਹੈ। ਜੀਵਨ ਵਿਚ ਇਹਨਾਂ ਕੀਮਤਾਂ ਤੇ ਸਦਗੁਣਾਂ ਦੀ ਕਮਾਈ ਹੀ ਮਨੁੱਖ ਦੇ ਆਦਰਸ਼ਕ ਸਮਾਜ ਦੀ ਬੁਨਿਆਦ ਹੈ। ਗੁਰਮਤਿ ਅਤੇ ਗੁਰਦਰਸ਼ਨ ਦਾ ਨਿਸ਼ਾਨਾ ਇਸੇ ਆਦਰਸ਼ਕ ਭਾਈਚਾਰੇ ਦਾ ਨਿਰਮਾਣ ਹੈ।"



www.AKJ.Org

# ਇਕ ਚਿੱਠੀ

ਵਲੋਂ :- ਗੁਰਮੀਤ ਸਿੰਘ, ਚੰਬਾ

ੴ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

ਕ੍ਰਿਪਾਲ ਜੀਓ,

ਭਾਵੇਂ ਦਾਸ ਨੂੰ ਗੁਰਮਤਿ ਬਾਰੇ ਤੁਛ ਮਾਤ੍ਰ ਭੀ ਸੋਝੀ ਨਹੀਂ ਤੇ ਨਾ ਹੀ ਇਸ ਯੋਗ ਭੀ ਹੈ ਕਿ ਵਡੇਰਿਆਂ ਤੇ ਕੋਈ ਟੀਕਾ ਟਿੱਪਣੀ ਕਰੇ ਪਰ ਫੇਰ ਭੀ ਮਨ ਚ ਆਏ ਵਲਵਲੇ ਕੱਢਣ ਦਾ ਹੀਆ ਕਰਦਾ ਹੋਇਆ ਹੇਠ ਲਿਖੀਆਂ ਸਤਰਾਂ ਆਪਜੀ ਦੇ ਚਰਨਾਂ ਚ ਅਰਪਿਤ ਕਰਦਾ ਹਾਂ ;-

## ੧. ਜੱਥੇ ਦੇ ਨਾਮ ਸੰਬੰਧੀ :-

ਹਫਤਾਵਾਰੀ ਪੱਤ੍ਰ "ਪ੍ਰਕਾਸ਼" ਚ ਪ੍ਰਕਾਸ਼ਿਤ ਬਲਕਿ - ਅਖੰਡ ਕੀਰਤਨੀ ਸਿੰਘਾਂ ਵਲੋਂ ਪ੍ਰਕਾਸ਼ਿਤ ਕੀਤੇ ਆਮ ਇਸ਼ਤਿਹਾਰਾਂ ਵਿਚ ਇਹ ਵਰਣਨ ਹੁੰਦਾ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੀਰਤਨੀ ਜੱਥੇ ਅਮਕੀ ਤ੍ਰੀਕ ਨੂੰ ਅਮਕੀ ਜਗ੍ਹਾ ਸਮਾਗਮ ਤੇ ਪੁਜ ਰਹੇ ਹਨ ਯਾਂ ਪ੍ਰਬੰਧ ਕਰਨਗੇ । ਅਮਲ ਚ ਵਿਚਾਰ ਚ ਇਹ ਆਉਂਦਾ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ



www.AKJ.Org